| 6 | ਅੰਬ(10m x 10m) | ਏਕੜ | 60 | 10 | 10 | 10 | 10 | 63000/- | 10 | ਸਾਲਾਨਾ | 5 |
| 7 | ਅੰਬ(3m x 4m) | ਏਕੜ | 60 | 10 | 10 | 10 | 10 | 133000/- | 10 | ਸਾਲਾਨਾ | 3 |
| 8 | ਅੰਗੂਰ | ਏਕੜ | 95 | 5 | | | | 3,90,000/- | 10 | ਸਾਲਾਨਾ | 1 |
| 9 | ਫਲੋਰੀਕਲਚਰ | ਏਕੜ | 100 | | | | | | 6 | ਸਾਲਾਨਾ | 1 |

| | | | | | |
|---|---|---|---|---|---|
| 9ਏ) | ਰੋਜ਼ (ਪ੍ਰੋਟੈਕਿਟਡ ਕਲਟੀਵੇਸ਼ਨ)- ਪਾਲੀ ਹਾਊਸ ਦੀ ਕੀਮਤ ਸਮੇਤ | 800 ਸੁਕੇਅਰ ਮੀਟਰ | 14,60,000/- | 6 | ਸਾਲਾਨਾ |
| 9 ਬੀ) | ਗਰੈਬਰਾ (ਪ੍ਰੋਟੈਕਿਟਡ ਕਲਟੀਵੇਸ਼ਨ)- ਪਾਲੀ ਹਾਊਸ ਦੀ ਕੀਮਤ ਸਮੇਤ | 800 ਸੁਕੇਅਰ ਮੀਟਰ | 16,06000/- | 6 | ਸਾਲਾਨਾ |
| 9 ਸੀ) | ਗਲੈਡਿਓਲਸ (ਓਪਨ ਫੀਲਡ ਕਲਟੀਵੇਸ਼ਨ)- | 800 ਸੁਕੇਅਰ ਮੀਟਰ | 1,78,000/- | 6 | ਸਾਲਾਨਾ |
| 9 ਡੀ) | ਮੈਰੀਗੋਲਡ (ਓਪਨ ਕਲਟੀਵੇਸ਼ਨ)- | 800 ਸੁਕੇਅਰ ਮੀਟਰ | 85,000/- | 6 | ਸਾਲਾਨਾ |
| 10 | ਐਰੋਮੈਟਿਕ ਅਤੇ ਮੈਡੀਸਨ ਪਲਾਂਟਸ | | 1,20,000/- | 6 | ਸਾਲਾਨਾ 1 |
| 11 | ਪੌਲੀ ਹਾਊਸ | | As per NABARD Unit Cost | | |

ਉਪਰੋਕਤ ਤੋਂ ਇਲਾਵਾ ਇਸ ਬੈਂਕ ਵੱਲੋਂ ਵੱਖ-ਵੱਢ ਤਰ੍ਹਾ ਦੇ ਪੋਲੀ ਹਾਊਸ ਬਨਾਉਣ ਲਈ ਵੀ ਕਰਜੇ ਦਿੱਤੇ ਜਾਂਦੇ ਹਨ ਜਿਵੇਂ ਕਿ ਗ੍ਰੀਨ ਹਾਊਸ ਸਟ੍ਰੱਕਚਰ, ਟੈਬੂਲਰ ਸਟ੍ਰੱਕਚਰ, ਬੈਂਬੂ ਸਟ੍ਰੱਕਚਰ, ਸ਼ੈਡ ਨੈਟ ਹਾਊਸ ਆਦਿ ।

ਸ਼ਰਤਾਂ :

1 ਬਾਗ ਘੱਟ ਤੋਂ ਘੱਟ ਇਕ ਏਕੜ ਵਿਚ ਲਗਾਇਆ ਜਾਵੇਗਾ। ਜਿੰਮੀਂਦਾਰ ਪਾਸ ਪਾਣੀ ਦਾ ਪੂਰਾ ਪੂਰਾ ਪ੍ਰਬੰਧ ਹੋਵੇ।

2 ਫੁੱਲਾਂ ਦੀ ਖੇਤੀ, ਪੌਲੀ ਹਾਊਸ, ਨਰਸਰੀ ਦੇ ਕਰਜ਼ੇ ਲਈ ਦਰਖਾਸਤ/ਪ੍ਰੋਜੈਕਟ ਰਿਪੋਰਟ ਬਾਗਬਾਨੀ ਵਿਭਾਗ ਵੱਲੋਂ ਤਿਆਰ ਕੀਤੀ ਹੋਵੇ।

3 ਜਿੰਮੀਂਦਾਰ ਪਾਸ ਤਿੰਨ ਏਕੜ ਜ਼ਮੀਨ ਖੇਤੀ ਹੇਠ ਹੋਵੇ ਜਾਂ ਹੋਰ ਸਾਧਨਾ ਰਾਹੀਂ ਆਮਦਨ ਦੇ ਸਾਧਣ ਹੋਣ, ਜਿਸ ਨਾਲ ਉਹ ਫਲ ਆਉਣ ਤੱਕ ਆਪਣਾ ਗੁਜ਼ਾਰਾ ਚਲਾ ਸਕੇ।

4 ਬੂਟੇ ਮਹਿਕਮੇ ਦੀ ਮਨਜ਼ੂਰ ਸ਼ੁਦਾ ਨਰਸਰੀ ਜਾਂ ਸਰਕਾਰੀ ਨਰਸਰੀ ਤੋਂ ਹੀ ਲਏ ਜਾਣਗੇ।

5 ਸਾਰਾ ਕਰਜ਼ਾ ਉੱਪਰ ਦੱਸੇ ਮੁਤਾਬਿਕ ਸਾਲਵਾਰ ਦਿੱਤਾ ਜਾਵੇਗਾ। ਇਸ ਵਿਚੋਂ ਬੂਟੇ ਖਰੀਦਣ ਦੇ ਪੈਸੇ ਸਿਧੇ ਨਰਸਰੀ ਨੂੰ ਦਿੱਤੇ ਜਾਣਗੇ।

6 ਪਹਿਲੀ ਕਿਸ਼ਤ ਦੀ ਯੋਗ ਵਰਤੋਂ ਬਾਅਦ ਹੀ ਬਾਕੀ ਕਿਸ਼ਤਾਂ ਦਿੱਤੀਆਂ ਜਾਣਗੀਆਂ।

## 6 ਜੰਗਲਾਤ ਵਿਕਾਸ ਲਈ ਕਰਜ਼ਾ ਸਕੀਮਾਂ :

### ੳ) ਸਫੈਦਾ ਲਗਾਉਣ ਦੀ ਸਕੀਮ

ਵਣ ਵਿਭਾਗ ਦੀਆਂ ਸਕੀਮਾਂ ਅਧੀਨ ਬੈਂਕ ਵੱਲੋਂ ਸਫੈਦਾ ਲਗਾਉਣ ਦੀ ਸਕੀਮ ਅਧੀਨ ਕਰਜ਼ੇ ਦਿੱਤੇ ਜਾਂਦੇ ਹਨ। ਸਫੈਦੇ ਲਾਉਣ ਲਈ ਤਕਨੀਕੀ ਜਾਣਕਾਰੀ ਤੇ ਯੂਨਿਟ ਲਾਗਤ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਪੌਦੇ ਦੀ ਕਿਸਮ | ਲਗਾਉਣ ਦਾ ਸਮਾਂ | ਦੂਰੀ | 1 ਹੈਕ. ਵਿੱਚ ਪੌਦਿਆਂ ਦੀ ਗਿਣਤੀ | ਫਸਲ ਕਟਾਈ ਦਾ ਸਮਾਂ | ਕੁੱਲ ਲਾਗਤ (ਰੁ. ਵਿੱਚ) | ਮੋੜਨ ਦਾ ਸਮਾਂ | ਗਰੇਸ ਪੀਰੀਅਡ |
|---|---|---|---|---|---|---|---|
| ਸਫੈਦਾ | ਮਾਨਸੂਨ | 3 ਮੀ:**X**2 ਮੀ: | 1600 | 10ਵੇਂ ਸਾਲ | 3,70,000/- | 10 ਸਾਲ | 9 ਸਾਲ |

ਸ਼ਰਤਾਂ :

1 ਮਹਿਕਮਾ ਜੰਗਲਾਤ ਵੱਲੋਂ ਭੇਜੀਆਂ ਦਰਖਾਸਤਾਂ ਨੂੰ ਪਹਿਲ ਦਿੱਤੀ ਜਾਵੇਗੀ।

2 ਸਫੈਦਾ ਲਗਾਉਣ ਲਈ ਜਿੰਮੀਂਦਾਰ ਪਾਸ ਪਾਣੀ ਦਾ ਪੱਕਾ ਪ੍ਰਬੰਧ ਹੋਣਾ ਜ਼ਰੂਰੀ ਹੈ।

3 ਕਰਜਾ ਜਿੰਮੀਂਦਾਰ ਦੁਆਰਾ 10 ਸਾਲ ਬਾਅਦ ਇਕੱਠਾ ਵਾਪਸ ਕੀਤਾ ਜਾਵੇਗਾ।

4 ਗਰੇਸ ਪੀਰੀਅਡ 9 ਸਾਲ ਹੋਵੇਗਾ। ਪਹਿਲੇ 9 ਸਾਲਾਂ ਵਿੱਚ ਵਿਆਜ ਛਿਮਾਹੀ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ।

### ਅ) ਪੋਪਲਰ ਲਗਾਉਣ ਦੀ ਸਕੀਮ :

ਪੀ.ਏ.ਡੀ.ਬੀਜ਼ ਵੱਲੋਂ ਇਸ ਸਕੀਮ ਤਹਿਤ ਇਕ ਹੈਕਟੇਅਰ ਰਕਬੇ ਵਿਚ ਜਾਂ 500 ਪੋਪਲਰ ਲਗਾਉਣ ਲਈ 1,65,000/ ਰੁਪਏ ਦੇ ਕਰਜ਼ੇ ਸੱਤ ਸਾਲਾਨਾਂ ਕਿਸ਼ਤਾਂ ਵਿਚ ਦਿ ਤਾ ਜਾਂਦਾ ਹੈ।

ਕਰਜ਼ੇ ਦੀਆਂ ਹੋਰ ਸ਼ਰਤਾਂ :

1 ਮਹਿਕਮਾ ਜੰਗਲਾਤ ਵੱਲੋਂ ਭੇਜੀਆਂ ਕਰਜ਼ਾ ਦਰਖਾਸਤਾਂ ਨੂੰ ਪਹਿਲ ਦਿੱਤੀ ਜਾਵੇਗੀ।

2. ਘੱਟੋ ਘੱਟ 150 ਪੌਦੇ ਲਗਾਉਣ ਲਈ ਕਰਜ਼ਾ ਦਿੱਤਾ ਜਾਂਦਾ ਹੈ।

3 ਪੋਪਲਰ ਲਗਾਉਣ ਲਈ ਜਿੰਮੀਂਦਾਰ ਪਾਸ ਪਾਣੀ ਦਾ ਪੱਕਾ ਸਾਧਨ ਹੋਣਾ ਜ਼ਰੂਰੀ ਹੈ।

4 ਬੂਟਿਆਂ ਦੀ ਖਰੀਦ ਲਈ ਪੈਸੇ ਬੈਂਕ ਦੇ ਮੈਨੇਜਰ ਵਲੋਂ ਕਰਜ਼ੇ ਦੀ ਰਕਮ ਚੋਂ ਜਿੰਮੀਂਦਾਰ ਦੀ ਤਰਫੋਂ ਮਹਿਕਮਾਂ ਜੰਗਲਾਤ ਪਾਸ ਜਮ੍ਹਾਂ ਕਰਵਾਏ ਜਾ ਸਕਦੇ ਹਨ।

5 ਜਿੰਮੀਂਦਾਰ ਦੁਆਰਾ ਕਰਜਾ 8 ਸਾਲਾਂ ਬਾਅਦ ਇਕੱਠਾ ਵਾਪਸ ਕੀਤਾ ਜਾਵੇਗਾ।

6 ਗਰੇਸ ਸਮਾਂ 7 ਸਾਲ ਹੈ।ਗਰੇਸ ਸਮੇਂ ਦੌਰਾਨ ਵਿਆਜ ਬਰਾਬਰ ਛਿਮਾਹੀ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

ਪੋਪਲਰ ਸਬੰਧੀ ਕੁੱਝ ਹੋਰ ਜ਼ਰੂਰੀ ਗੱਲਾਂ :

1 ਪੌਪਲਰ ਦੇ ਬੂਟੇ ਲਗਾਉਣੂ ਦਾ ਸਮਾਂ ਜਨਵਰੀ ਤੋਂ ਫਰਵਰੀ ਤੱਕ ਹੈ।

2 ਕੱਲਰ ਵਾਲੀ ਜ਼ਮੀਨ, ਖੁਸ਼ਕ ਰੇਤਾ, ਸੇਮ ਵਾਲੀ ਜ਼ਮੀਨ ਜਾਂ ਰੋੜਾਂ ਆਦਿ ਦੀ ਤਹਿ ਵਾਲੀ ਜਮੀਨ ਵਿਚ ਪੌਪਲਰ ਨਹੀਂ ਲਗਾਇਆ ਜਾ ਸਕਦਾ।

3 ਬੂਟੇ ਜਦੋਂ ਖੇਤ ਵਿਚ ਲਗਾਉਣੇ ਹੋਣ ਤਾਂ 5 ਮੀਟਰ **X** 4 ਮੀਟਰ ਦੀ ਦੂਰੀ ਤੇ ਲਗਾਏ ਜਾਂਦੇ ਹਨ। ਪ੍ਰੰਤੂ ਖੇਤਾਂ ਦੇ ਦੁਆਲੇ, ਵੱਟਾਂ, ਬੰਨਿਆਂ ਜਾਂ ਕਤਾਰਾਂ ਵਿਚ ਲਗਾਉਣ ਸਮੇਂ ਬੂਟੇ ਤਿੰਨ ਤਿੰਨ ਮੀਟਰ ਦੀ ਦੂਰੀ ਤੇ ਲਗਾਏ ਜਾਂਦੇ ਹਨ।

4 ਮਹਿਕਮਾ ਜੰਗਲਾਤ ਵਲੋਂ ਮੁਫਤ ਪ੍ਰਸਾਰ ਸੇਵਾ ਤੇ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ।

## 7 ਬਾਇਓ ਗੈਸ ਸਕੀਮ :

ਪੰਜਾਬ ਵਿਚ ਬਾਲਣ ਦੀ ਕਮੀ ਨੂੰ ਪੂਰਾ ਕਰਨ ਲਈ ਜਿਥੇ ਹਰੇਭਰੇ ਰੁੱਖ ਕੱਟ ਕੇ ਜ਼ਮੀਨ ਅਤੇ ਵਾਤਾਵਰਣ ਦਾ ਨੁਕਸਾਨ ਕੀਤਾ ਜਾਂਦਾ ਹੈ ਉਥੇ ਗੋਬਰ ਦੀਆਂ ਪਾਥੀਆਂ ਸਾੜ ਕੇ ਫਸਲਾਂ ਲਈ ਕੀਮਤੀ ਰੂੜੀ/ਖਾਦ ਦਾ ਅੰਤਾਂ ਦਾ ਨੁਕਸਾਨ ਵੀ ਕੀਤਾ ਜਾਂਦਾ ਹੈ। ਇਸ ਲਈ ਬਾਇਓ ਗੈਸ ਸਕੀਮ ਤਹਿਤ ਬੈਂਕ ਵਲੋਂ ਕਰਜ਼ਾ ਦਿੱਤਾ ਜਾਂਦਾ ਹੈ। ਪਲਾਂਟ ਦੀ ਕਾਸਟ ਹੇਠ ਲਿਖੇ ਅਨੁਸਾਰ ਹੋਵੇਗੀ :

ਕਰਜ਼ੇ ਦੀ ਰਕਮ (ਰੁਪਏ)

| ਲੜੀ ਨੰ. | ਗੋਬਰ ਗੈਸ ਪਲਾਂਟ | ਲਾਗਤ |
|---|---|---|
| 1 | 1 ਕਿਊਬਿਕ ਮੀਟਰ | 7000 |
| 2 | 2 ਕਿਊਬਿਕ ਮੀਟਰ | 9000 |
| 3 | 3 ਕਿਊਬਿਕ ਮੀਟਰ | 10500 |
| 4 | 4 ਕਿਊਬਿਕ ਮੀਟਰ | 12500 |
| 5 | 6 ਕਿਊਬਿਕ ਮੀਟਰ | 15000 |

ਕਰਜ਼ੇ ਦੀਆਂ ਹੋਰ ਸ਼ਰਤਾਂ ਤੇ ਸਕੀਮ ਸਬੰਧੀ ਜ਼ਰੂਰੀ ਜਾਣਕਾਰੀ :

1 ਦੋ ਕਿਊਬਿਕ ਮੀਟਰ ਦੇ ਸਾਈਜ਼ ਦੇ ਗੋਬਰ ਗੈਸ ਪਲਾਂਟ ਲਈ 2 ਮੱਝਾਂ ਜਾ ਚਾਰ ਦੋਗਲੀਆਂ ਗਾਂਵਾਂ ਦਾ ਹੋਣਾ ਜ਼ਰੂਰੀ ਹੈ, ਜਿਨ੍ਹਾਂ ਦੇ ਗੋਬਰ ਨਾਲ ਪਲਾਂਟ ਚੱਲ ਸਕਦਾ ਹੈ। ਇਸ ਦੀ ਰੋਜਾਨਾ ਖਪਤ ਲਗਭਗ 50 ਕਿਲੋ ਗੋਬਰ ਦੀ ਹੈ।

2 ਤਿੰਨ ਕਿਲੋ ਗੋਬਰ ਇਸ ਪਲਾਂਟ ਵਿਚ ਲੰਘ ਕੇ 1 ਕਿਲੋਂ ਤੋਂ ਕੁਝ ਜਿਆਦਾ ਵਧੀਆਂ ਖਾਦ ਬਣਾਉਂਦਾ ਹੈ।

3 ਖੇਤੀਬਾੜੀ ਵਿਭਾਗ ਪੰਜਾਬ ਵਲੋਂ ਗੋਬਰ ਗੈਸ ਪਲਾਂਟ ਲਗਾਉਣ ਲਈ ਜਾਣਕਾਰੀ/ਸਬਸਿਡੀ ਦਿੱਤੀ ਜਾਂਦੀ ਹੈ।

4 ਗੋਬਰ ਗੈਸ ਪਲਾਂਟ ਦੇ ਕਰਜੇ ਦੀ ਵਾਪਸੀ ਦਾ ਸਮਾਂ 7 ਸਾਲ ਹੈ। ਕਿਸ਼ਤ ਸਾਲਾਨਾ ਹੋਵੇਗੀ।

5 ਸਬਸਿਡੀ ਲੈਣ ਲਈ ਕਰਜ਼ਦਾਰ ਕੇਸ ਖੇਤੀਬਾੜੀ ਵਿਭਾਗ ਵਲੋਂ ਸਪਾਂਸਰ ਕਰਵਾਏਗਾ।

**ਨਵੀਆਂ ਸਕੀਮਾਂ**

ਬੈਂਕ ਵੱਲੋਂ ਹੋਰ ਨਵੀਆਂ ਸਕੀਮਾਂ ਲਈ ਕਰਜ਼ੇ ਵੀ ਦਿੱਤੇ ਜਾ ਰਹੇ ਹਨ :

## 1 ਐਗਰੀ ਕਲੀਨਿਕਸ/ਐਗਰੀ ਬਿਜਨੈਸ ਸੈਂਟਰ ਖੋਲਣ ਲਈ ਕਰਜ਼ੇ ਦੀ ਸਕੀਮ :

ਇਸ ਨਵੀਂ ਸਕੀਮ ਅਧੀਨ ਖੇਤੀਬਾੜੀ ਗਰੈਜੂਏਟਸ ਅਤੇ ਹੋਰ ਵਿਸ਼ੇ ਦੇ ਗਰੈਜੂਏਟਸ ਜਿਵੇਂ ਬਾਗਬਾਨੀ, ਵਣ ਵਿਭਾਗ, ਡੇਅਰੀ, ਵੈਟਰਨਰੀ, ਪੋਲਟਰੀ ਫਾਰਮਿੰਗ ਅਤੇ ਮੱਛੀ ਪਾਲਣ ਵਲੋਂ ਐਗਰੀ ਕਲੀਨਿਕਸ ਅਤੇ ਐਗਰੀ ਬਿਜਨਸ ਸੈਂਟਰ ਖੋਲਣ ਲਈ ਕਰਜ਼ੇ ਦਿੱਤੇ ਜਾਂਦੇ ਹਨ। ਜਿਸ ਦੀਆਂ ਸ਼ਰਤਾਂ ਹੇਠ ਲਿਖੇ ਅਨਸਾਰ ਹਨ :

1 ਕਰਜ਼ਾ ਪ੍ਰੋਜੈਕਟ ਰਿਪੋਰਟ ਅਨੁਸਾਰ ਦਿੱਤਾ ਜਾਵੇਗਾ।

2 ਇਸ ਸਕੀਮ ਅਧੀਨ ਵੱਧ ਤੋਂ ਵੱਧ 20.00 ਲੱਖ ਰੁਪਏ ਦਾ ਕਰਜਾ ਦਿੱਤਾ ਜਾਵੇਗਾ।

3 ਕਰਜ਼ਾ ਮੋੜਨ ਦਾ ਸਮਾਂ 5 ਸਾਲ–10 ਸਾਲ ਛਿਮਾਹੀ ਕਿਸ਼ਤਾਂ ਵਿੱਚ ਹੋਵੇਗਾ।( Grace Period- 2 years)

## 2 ਕਿਸਾਨ ਕਰੈਡਿਟ ਕਾਰਡ ਸਕੀਮ :

ਇਸ ਸਕੀਮ ਅਧੀਨ ਕਿਸਾਨਾਂ ਨੂੰ ਲੋੜੀਂਦੀ ਮਾਲੀ ਸਹਾਇਤਾ ਸਮੁੱਚੇ ਖੇਤੀਬਾੜੀ ਦੇ ਧੰਦਿਆਂ ਵਾਸਤੇ ਅਤੇ ਉਨ੍ਹਾਂ ਦੀਆਂ ਸਬੰਧਤ ਜ਼ਰੂਰਤਾਂ ਨੂੰ ਦਰਮਿਆਨੇ ਅਤੇ ਲੰਮੀਂ ਮਿਆਦ ਦੇ ਕਰਜ਼ਿਆਂ ਰਾਹੀਂ ਉਪਲਬਧ ਕਰਾਈ ਜਾਂਦੀ ਹੈ। ਇਸ ਸਕੀਮ ਅਧੀਨ ਕਰਜ਼ਾ ਹੇਠ ਲਿਖੇ ਅਨੁਸਾਰ ਦਿਤਾ ਜਾਂਦਾ ਹੈ।

| ਲੜੀ ਨੰ. | ਸਕੀਮ | ਯੂਨਿਟ ਕਾਸਟ | ਕਰਜ਼ਾ ਮੋੜਨ ਦਾ ਸਮਾਂ |
|---|---|---|---|
| 1 | ਕਿਸਾਨ ਕਰੈਡਿਟ ਕਾਰਡ ਸਕੀਮ | 3 ਲੱਖ ਤੱਕ | 5 ਸਾਲ |
| | ਖੇਤੀਬਾੜੀ ਅਤੇ ਸਹਾਇਕ ਧੰਦੇ | 3 ਲੱਖ– 10 ਲੱਖ ਤੱਕ | 7 ਸਾਲ |
| 2 | ਕਿਸਾਨ ਕਰੈਡਿਟ ਕਾਰਡ ਸਕੀਮ | 10 ਲੱਖ– 18 ਲੱਖ ਤੱਕ | 10 ਸਾਲ |
| | ਖੇਤੀਬਾੜੀ ਅਤੇ ਸਹਾਇਕ ਧੰਦੇ | | |
| 3 | ਕਿਸਾਨ ਕਰੈਡਿਟ ਕਾਰਡ ਸਕੀਮ | 3 ਲੱਖ ਤੱਕ | 5 ਸਾਲ |
| | ਗੈਰ ਜਰਾਇਤੀ ਧੰਦੇ (ਐਨ.ਐਫ.ਐਸ.) | | |
| 4 | ਕਿਸਾਨ ਕਰੈਡਿਟ ਕਾਰਡ ਸਕੀਮ | 3 ਲੱਖ– 10 ਲੱਖ ਤੱਕ | 7 ਸਾਲ |
| | ਗੈਰ ਜਰਾਇਤੀ ਧੰਦੇ (ਐਨ.ਐਫ.ਐਸ.) | 10 ਲੱਖ– 18 ਲੱਖ ਤੱਕ | 10 ਸਾਲ |

ਸ਼ਰਤਾਂ :

. ਇਸ ਸਕੀਮ ਤਹਿਤ ਕਰਜ਼ਾ 1 ਲੱਖ ਰੁਪਏ ਪ੍ਰਤੀ ਏਕੜ ਜਮੀਨ ਦੀ ਮਾਲਕੀ ਦੇ ਹਿਸਾਬ ਨਾਲ ਦਿੱਤਾ ਜਾਵੇਗਾ।

. ਕਰਜ਼ਾ ਛਿਮਾਹੀ ਕਿਸ਼ਤਾਂ ਵਿੱਚ ਵਾਪਸ ਕਰਨਯੋਗ ਹੋਵੇਗਾ।

### 3 ਆਮਲਾ ਵਿਕਾਸ ਸਕੀਮ :

ਇਸ ਸਕੀਮ ਤਹਿਤ ਕਰਜ਼ਾ ਹੇਠ ਲਿਖੇ ਅਨੁਸਾਰ ਦਿੱਤਾ ਜਾਵੇਗਾ :

1 ਕਰਜ਼ੇ ਦੀ ਯੂਨਿਟ ਕਾਸਟ 89,100/ ਰੁਪਏ ਪ੍ਰਤੀ ਏਕੜ ਹੋਵੇਗੀ।

2 ਕਰਜੇ ਦਾ ਸਮਾਂ 11 ਸਾਲਾਂ ਦਾ ਹੋਵੇਗਾ।

3 ਗਰੇਸ ਸਮਾਂ 5 ਸਾਲ ਦਾ ਹੋਵੇਗਾ। ਗਰੇਸ ਸਮੇਂ ਦੌਰਾਨ ਵਿਆਜ ਤਿਮਾਹੀ/ ਛਿਵਾਹੀ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ।

4 ਕਰਜ਼ਾ ਛੇ ਸਾਲਾਂ ਵਿੱਚ ਸਾਲਾਨਾ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

### 4 ਨਿਉ ਐਗਰੀ ਮਾਰਕੀਟਿੰਗ ਇਨਫਰਾਸਟ੍ਰਕਚਰ ਸਕੀਮ (New AMI Scheme) (ਪਹਿਲਾਂ ਪੇਂਡੂ/ ਰੂਰਲ ਗੋਦਾਮ ਸਕੀਮ)

The Marketing Infrastructure components such as Drying facility (solar/normal), weighing scale (electronic/normal), assaying equipments, Computer IT equipments with internet connection, Godown, cold room, deep freezer/ Zero energy freezer, pack house, ripening chamber, information boards (electronic/non-electronic), de-sheller, Grain cleaner, specific gravity separator, Mini Dal mill, Mini Oil expeller, Mini rice huller etc are also permissible components allowed under rural haat for better realization of price by the farmers through increased value addition.

Storage infrastructure like godowns including stand-alone silos for storage of food grains with necessary ancillary facilities like loading, unloading, bagging facility etc., excluding railway siding are eligible for subsidy. Assistance for storage infrastructure will be available on capital cost of the project including cost of allied facilities like boundary wall, internal road, internal drainage system, weighing, grading, packing, quality testing & certification, fire fighting equipment etc. which are functionally required to operate the project.

This scheme is for creation of storage infrastructure (Capacity 50 – 10,000 MTs)

ਕਰਜ਼ਾ ਵਾਪਸੀ ਦਾ ਸਮਾਂ 11 ਸਾਲ ਹੋਵੇਗਾ। ਗਰੇਸ ਸਮਾਂ 1 ਸਾਲ ਹੋਵੇਗਾ।ਕਰਜ਼ਾ 20 ਛਿਮਾਹੀ ਕਿਸ਼ਤਾਂ ਵਿੱਚ ਵਾਪਸ ਕੀਤਾ ਜਾਵੇਗਾ।

SUBSIDY PATTERN:

The sub scheme envisages back-ended capital subsidy for investment in eligible storage, marketing infrastructure projects is as under:

FOR STORAGE INFRASTRUCTURE PROJECTS:

Capital cost of the project for the purpose of subsidy will be calculated on the project cost as appraised by financial institution or actual cost of eligible components as certified by a Chartered Accountant, whichever is lower subject to the subsidy ceiling per MT as well as overall ceiling given below:

| Category | Rate of Subsidy (on capital cost) | Subsidy ceiling | | |
|---|---|---|---|---|
| | | 50- 1000 MT in Rs./MT | More than 1000 MT and up to 10,000 (in Rs./MT) | Maximum ceiling (Rs. Lakhs) |
| 1. Women, Scheduled Caste (SC) (Individual) | 33.33% | 1166.55 | 1000.00 | 100.00 |
| 2. For other Individuals | 25% | 875/- | 750/- | 75.00 |

However, subsidy for Basic & supporting infrastructure in the project will be restricted to 25% of total permissible subsidy of the project.

The indicative list of eligible and ineligible processing activities

| | Eligible Activities | Ineligible Activities | |
|---|---|---|---|
| | Primary processing | Secondary processing | Tertiary processing |
| Fruits & Vegetables | Cleaning, Sorting, Grading, Cutting etc. | Slices, pulps, Soup, flakes, powder, paste, preserved & Flavoured. | Ketchups, jam juices, pickles, preserves, candies, chips, etc. |
| Grains & Seeds | Cleaning, Sorting, Grading, and Splitting of pulses. | Flour, Broken, Rice, Puff, Malt & Milling / Flour milling / Dal milling | Flour, Broken, Rice, Puff, Malt & Milling / Flour milling / Dal milling |
| Oilseeds and coconut | Cleaning, Sorting, Grading and direct Crushing of indigenous oilseeds and coconut to obtain raw vegetable edible oil (without refining) as specified in FSSAI Act and Regulations thereof. | Oil Cakes | Refined edible oils. |
| Beverages | Sorting, bleaching & Grading | Leaf, Dust & Powder | Tea bags, flavoured, coffee, soft drinks, alcoholic beverages. |

| | | | |
|---|---|---|---|
| Milk | Grading, Refrigerating | Cottage cheese, Cream, Simmered & Dried Milk, | Processed milk spreadable fats (butter and cheese), Ghee, Yoghurt. |
| Meat & Poultry | Sorting & Refrigerating | Cut, Fried, Frozen & Chilled | Ready to eat meals. |
| Marine products | Chilling & Freezing | Cut, Fried, Frozen, Chilled | Ready to eat meals. |

The above table is indicative and does not illustrate all processes.

Cost Norms:

| Sr. No. | Item | Cost Norms |
|---|---|---|
| 1) | Pack house | Rs. 4.00 lakh / unit with size of 9Mx6M |
| 2) | Cold room (staging) | Rs. 15.00 lakh / unit of 30 MT capacity |
| 3) | Ripening chamber | Rs. 1.00 lakh / MT |
| 4) | Low cost onion storage structure (25 MT) | Rs. 1.75 lakh / per unit |
| 5) | Zero energy cool chamber (100 kg) | Rs. 4000/- per unit |
| 6) | Coconut / Cashew nut / Walnut De-shelling Machine | Rs. 1.00 lakh per unit |

**There is no provision of assistance for renovation of storage infrastructure projects under the Scheme.**

## 5 **ਖੇਤੀਬਾੜੀ ਮਸ਼ੀਨਰੀ ਪਾਰਕ ਸੈਡ ਬਨਾਉਣ ਦੀ ਸਕੀਮ** :

ਕਿਸਾਨਾਂ ਵੱਲੋਂ ਖੇਤੀਬਾੜੀ ਮਸ਼ੀਨਰੀ ਦੀ ਸਾਂਭ ਸੰਭਾਲ ਲਈ ਬੈਂਕ ਵੱਲੋਂ ਖੇਤੀਬਾੜੀ ਮਸ਼ੀਨਰੀ ਪਾਰਕ ਸੈਡ ਬਨਾਉਣ ਲਈ ਹੇਠ ਲਿਖੇ ਅਨੁਸਾਰ ਕਰਜ਼ੇ ਦਿੱਤੇ ਜਾਂਦੇ ਹਨ :

1 ਕਰਜ਼ਾ ਮੰਨਜੂਰਸ਼ੁਦਾ ਆਰਕੀਟੈਕਟ ਵੱਲੋਂ ਤਿਆਰ ਕੀਤੇ ਗਏ ਐਸਟੀਮੇਟ, ਨਕਸ਼ੇ ਅਨੁਸਾਰ ਦਿੱਤਾ ਜਾਵੇਗਾ। ਵੱਧ ਤੋਂ ਵੱਧ ਕਰਜ਼ਾ 7 ਲੱਖ ਰੁਪਏ ਤੱਕ ਦਿੱਤਾ ਜਾਵੇਗਾ।

2 ਇਸ ਸਕੀਮ ਅਧੀਨ ਮਾਰਜ਼ਨ ਮਨੀ 20% ਹੋਵੇਗੀ।

3 ਕਰਜ਼ਾ 7 ਸਾਲਾਂ ਵਿੱਚ ਬਰਾਬਰ ਸਾਲਾਨਾ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

6. **ਦੋਪਹੀਆ ਵਾਹਨ ਖਰੀਦਣ ਲਈ ਸਕੀਮ** :

ਕਿਸਾਨਾਂ ਦੀ ਆਵਾਜਾਈ ਨੂੰ ਸੌਖਾ ਕਰਨ, ਆਵਾਜਾਈ ਦੌਰਾਨ ਕੀਮਤੀ ਸਮਾਂ ਬਚਾਉਣ ਅਤੇ ਇਸ ਤੇ ਆਉਣ ਵਾਲੇ ਖਰਚੇ ਘਟਾਉਣ ਵਾਸਤੇ ਕਿਸਾਨਾਂ ਲਈ ਦੋ ਪਹੀਆ ਵਾਹਨ ਖਰੀਦਣ ਦੀ ਸਕੀਮ ਲਾਗੂ ਕੀਤੀ ਗਈ ਹੈ। ਦੋ ਪਹੀਆ ਵਾਹਨ ਤੇ ਕਰਜ਼ਾ ਡੀਲਰ ਦੀ ਕੀਮਤ ਅਨੁਸਾਰ ਦਿੱਤਾ ਜਾਵੇਗਾ। ਇਸ ਸਕੀਮ ਅਧੀਨ ਮਾਰਜਨ ਮਨੀ 25% ਹੋਵੇਗੀ। ਕਰਜ਼ਾ ਮੋੜਨ ਦਾ ਸਮਾਂ 5 ਸਾਲ ਹੋਵੇਗਾ।(10 half yearly equated instalments)

7. **ਪਿਆਜ਼ ਦੇ ਭੰਡਾਰਨ ਲਈ ਗੋਦਾਮ ਬਨਾਉਣ ਬਾਰੇ** :

ਪਿਆਜ਼ ਦੀ ਪੈਦਾਵਾਰ ਦੀ ਸਹੀ ਤਰੀਕੇ ਨਾਲ ਸੰਭਾਲ ਕਰਨ ਲਈ ਪਿਆਜ ਦੇ ਭੰਡਾਰਨ ਲਈ ਸਕੀਮ ਲਾਗੂ ਕੀਤੀ ਗਈ ਹੈ। ਇਹ ਸਕੀਮ ਰਾਜ ਦੇ ਸਾਰੇ ਪ੍ਰਾਇਮਰੀ ਬੈਂਕਾਂ ਵਿੱਚ ਲਾਗੂ ਕੀਤੀ ਗਈ ਹੈ। ਸਕੀਮ ਅਧੀਨ ਕਰਜ਼ਾ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ।

* ਕਰਜ਼ਾ ਮੰਨਜੂਰਸ਼ੁਦਾ ਆਰਕੀਟੈਕਟ ਵੱਲੋਂ ਤਿਆਰ ਕੀਤੇ ਐਸਟੀਮੇਟ, ਨਕਸ਼ੇ ਅਨੁਸਾਰ ਦਿੱਤਾ ਜਾਵੇਗਾ।
* ਮਾਰਜਨ ਮਨੀ ਕੁੱਲ ਪ੍ਰੋਜੈਕਟ ਦੀ ਕੀਮਤ ਦਾ 25% ਹੋਵੇਗੀ।
* ਸਬਸਿਡੀ ਕੁੱਲ ਪ੍ਰੋਜੈਕਟ ਦੀ ਕੀਮਤ ਦਾ 25% ਹੋਵੇਗੀ ਅਤੇ ਮਹਿਕਮੇ ਕੋਲ ਫੰਡਾਂ ਦੀ **ਉਪਲਬਧਤਾ ਅਨੁਸਾਰ** ਹੋਵੇਗੀ।
* ਕਰਜ਼ਾ ਵਾਪਸੀ ਦਾ ਸਮਾਂ 9 ਸਾਲ ਤੱਕ ਦਾ ਹੋਵੇਗਾ ਜਿਸ ਵਿੱਚ 1 ਸਾਲ ਗਰੇਸ ਪੀਰੀਅਡ ਸ਼ਾਮਿਲ ਹੋਵੇਗਾ।

8 **ਖੇਤੀਬਾੜੀ ਸਰਵਿਸ ਸੈਂਟਰ (ਕਿਸਾਨ ਸੇਵਾ ਸੈਂਟਰ) ਸਕੀਮ** :

ਇਸ ਸਕੀਮ ਤਹਿਤ ਕਿਸਾਨ ਵੱਲੋਂ ਖੇਤੀਬਾੜੀ ਦੇ ਆਧੁਨਿਕ ਸੰਦ ਖਰੀਦ ਕੇ ਅੱਗੇ ਕਿਰਾਏ ਤੇ ਦਿੱਤੇ ਜਾਂਦੇ ਹਨ। ਕਿਸਾਨ ਦੀ ਚੋਣ ਖੇਤੀਬਾੜੀ ਮਹਿਕਮੇ/ਪੰਜਾਬ ਰਾਜ ਫਰਮਰਜ਼ ਕਮੀਸ਼ਨ ਵਲੋਂ ਕੀਤੀ ਜਾਵੇਗੀ। ਇਸ ਸਕੀਮ ਵਿੱਚ ਵੱਧ ਤੋਂ ਵੱਧ ਕਰਜ਼ਾ 10 ਲੱਖ ਰੁਪਏ ਤੱਕ ਲਿਆ ਜਾ ਸਕਦਾ ਹੈ ਜੋ ਕਿ 9 ਸਾਲਾਂ ਵਿੱਚ ਛਿਮਾਹੀ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

9 **ਵਰਮੀਕਲਚਰ (ਗੰਡੋਇਆਂ ਦੀ ਖਾਦ) ਲਈ ਕਰਜ਼ੇ ਦੇਣ ਦੀ ਸਕੀਮ** :

ਬੈਂਕ ਵੱਲੋਂ ਵਰਮੀਕਲਚਰ ਸਕੀਮ ਅਧੀਨ ਵੀ ਕਰਜ਼ੇ ਹੇਠ ਲਿਖੇ ਅਨੁਸਾਰ ਦਿੱਤੇ ਜਾਂਦੇ ਹਨ:

; ਇਸ ਸਕੀਮ ਅਧੀਨ ਕਰਜ਼ੇ ਦੀ ਰਕਮ ਪ੍ਰੋਜੈਕਟ ਦੀ ਲਾਗਤ ਅਨੁਸਾਰ ਹੋਵੇਗੀ।

; ਕਰਜ਼ਾ ਵਾਪਸੀ ਦਾ ਸਮਾਂ 7 ਸਾਲ ਹੋਵੇਗਾ। ਜਿਸ ਵਿੱਚ 1 ਸਾਲ ਗਰੇਸ ਪੀਰੀਅਡ ਹੋਵੇਗਾ।

; ਪਹਿਲੇ ਸਾਲ 2 ਛਿਮਾਹੀ ਕਿਸ਼ਤਾ ਵਿੱਚ ਸਿਰਫ ਵਿਆਜ ਦੀ ਰਕਮ ਹੀ ਵਾਪਸ ਮੋੜਨਯੋਗ ਹੋਵੇਗੀ।

; ਬਾਕੀ ਰਹਿੰਦਾ ਕਰਜ਼ਾ ਸਮੇਤ ਵਿਆਜ 12 ਛਿਮਾਹੀ ਕਿਸ਼ਤਾਂ ਵਿੱਚ ਵਾਪਸ ਮੋੜਨਯੋਗ ਹੋਵੇਗਾ। ਇਸ ਸਕੀਮ ਤੇ ਸਬਸਿਡੀ ਖਾਦੀ ਗ੍ਰਾਮੀਨ ਬੋਰਡ ਵੱਲੋਂ ਸਪਾਂਸਰ ਕੀਤੇ ਕੇਸਾਂ ਤੇ ਫੰਡਾਂ ਦੀ ਉਪਲੱਬਧਤਾ ਅਨੁਸਾਰ ਦਿੱਤੀ ਜਾ ਸਕਦੀ ਹੈ।

## 10 ਰੂਰਲ ਹਾਊਸਿੰਗ ਕਰਜ਼ਾ ਸਕੀਮ :

ਬੈਂਕ ਵੱਲੋਂ ਪੇਂਡੂ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਰਾਜ ਦੇ ਪੇਂਡੂ ਏਰੀਏ ਵਿੱਚ ਰੂਰਲ ਹਾਊਸਿੰਗ ਲਈ ਕਰਜ਼ੇ ਦੇਣ ਦੀ ਸਕੀਮ ਹੇਠ ਲਿਖੇ ਅਨੁਸਾਰ ਲਾਗੂ ਕੀਤੀ ਗਈ ਹੈ :

| ਲੜੀ ਨੰ. | ਸਕੀਮ | ਯੂਨਿਟ ਕਾਸਟ | ਵਾਪਸੀ ਦਾ ਸਮਾਂ | ਗਰੇਸ ਪੀਰੀਅਡ |
|---|---|---|---|---|
| 1 | ਮਕਾਨ ਬਨਾਉਣ ਲਈ | 15 ਲੱਖ ਰੁਪਏ | 15 ਸਾਲ | 1 ਸਾਲ |
| 2 | ਮਕਾਨ ਦੀ ਮੁਰੰਮਤ ਲਈ | 5 ਲੱਖ ਰੁਪਏ | 5 ਸਾਲ | |

ਸ਼ਰਤਾਂ :

1 ਕਰਜ਼ਾ ਲੈਣ ਲਈ ਕਰਜ਼ਦਾਰ ਨੂੰ ਮੰਨਜੂਰਸ਼ੁਦਾ ਆਰਕੀਟੈਕਟ ਵੱਲੋਂ ਤਿਆਰ ਕੀਤਾ ਐਸਟੀਮੇਟ ਅਤੇ ਨਕਸ਼ਾ ਦੇਣਾ ਜ਼ਰੂਰੀ ਹੋਵੇਗਾ ਜੋ ਕਿ ਪਿੰਡ ਦੇ ਸਰਪੰਚ ਜਾਂ ਨੰਬਰਦਾਰ ਪਾਸੋਂ ਤਸਦੀਕ ਹੋਵੇ।

2 ਕਰਜ਼ਾ ਖੇਤੀਬਾੜੀ ਜ਼ਮੀਨ ਦੀ ਸਕਿਊਰਟੀ ਤਹਿਤ ਦਿੱਤਾ ਜਾਵੇਗਾ।

3 ਸਕੀਮ ਅਧੀਨ ਮਾਰਜ਼ਨ ਮਨੀ 15% ਹੋਵੇਗੀ ਅਤੇ ਕਰਜ਼ਾ ਛਿਮਾਹੀ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

4 ਮਕਾਨ ਬਨਾਉਣ ਲਈ ਕਰਜ਼ੇ ਦੀ ਪਹਿਲੀ ਕਿਸ਼ਤ ਪਲੈਂਥ ਲੈਵਲ ਤੱਕ ਅਤੇ ਦੂਜੀ ਕਿਸ਼ਤ ਪਲੈਂਥ ਲੈਵਲ ਤੱਕ ਦੀ ਉਸਾਰੀ ਦੀ ਵੈਰੀਫਿਕੇਸ਼ਨ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਮਕਾਨ ਦਾ ਬੀਮਾਂ ਕਰਵਾਉਣਾ ਜ਼ਰੂਰੀ ਹੈ।

## 11 ਵਿਦਿਆਰਥੀਆਂ ਲਈ ਐਜੂਕੇਸ਼ਨ ਲੋਨ ਸਕੀਮ :

ਵਿਦਿਆਰਥੀਆਂ ਦੀ ਉੱਚ ਪੱਧਰ ਦੀ ਪੜ੍ਹਾਈ ਲਈ ਬੈਂਕ ਵੱਲੋਂ ਹੇਠ ਲਿਖੇ ਅਨੁਸਾਰ ਐਜੂਕੇਸ਼ਨ ਲੋਨ ਮੁਹੱਈਆ ਕਰਵਾਇਆ ਜਾਂਦਾ ਹੈ।

1 ਕਰਜ਼ਾ ਵਿਦਿਆਰਥੀ ਦੀ ਟਿਊਸ਼ਨ ਫੀਸ, ਹੋਸਟਲ, ਕਿਤਾਬਾਂ ਅਤੇ ਹੋਰ ਖਰਚਿਆਂ ਵਾਸਤੇ ਦਿੱਤਾ ਜਾਵੇਗਾ। ਜਿਸ ਵਾਸਤੇ ਕਰਜ਼ਦਾਰ ਨੂੰ ਕੋਰਸ/ਡਿਗਰੀ ਵਿੱਚ ਦਾਖਲਾ ਲੈਣ ਤੋਂ ਕੋਰਸ ਖਤਮ ਹੋਣ ਤੱਕ ਮਾਨਤਾ ਪ੍ਰਾਪਤ ਸੰਸਥਾ ਵੱਲੋਂ ਜਾਰੀ ਕੀਤੇ ਖਰਚਿਆਂ ਸਬੰਧੀ ਵੇਰਵਾ ਪੇਸ਼ ਕਰਨਾ ਹੋਵੇਗਾ।

2 ਵਿਦਿਆਰਥੀ ਨੂੰ ਭਾਰਤ ਵਿੱਚ ਪੜ੍ਹਾਈ ਕਰਨ ਵਾਸਤੇ 10 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ।

3 ਕਰਜ਼ਦਾਰ ਨੂੰ ਖੇਤੀਬਾੜੀ ਜ਼ਮੀਨ ਦੀ ਸਕਿਊਰਟੀ ਦਾ ਪ੍ਰਬੰਧ ਕਰਨਾ ਪਵੇਗਾ ਅਤੇ 5% ਮਾਰਜ਼ਨ ਮਨੀ ਹੋਵੇਗੀ।

4 ਕਰਜ਼ਾ ਮੋੜਨ ਦਾ ਸਮਾਂ 5 ਲੱਖ ਤੱਕ 5 ਸਾਲ (1 ਸਾਲ grace ਸਮਾਂ) ਅਤੇ 5 ਲੱਖ ਤੋਂ ਵੱਧ ਕਰਜਾ ਮੋੜ ਦਾ ਸਮਾਂ 07 ਸਾਲ (1 ਸਾਲ grace ਸਮਾਂ) ਹੋਵੇਗਾ।

5 ਕਰਜ਼ੇ ਦੀ ਵਾਪਸੀ ਕੋਰਸ ਖਤਮ ਹੋਣ ਉਪਰੰਤ ਇੱਕ ਸਾਲ ਬਾਅਦ ਜਾਂ ਕਰਜ਼ਦਾਰ ਵਿਦਿਆਰਥੀ ਨੂੰ ਨੌਕਰੀ ਮਿਲਣ ਤੇ ਜੋ ਵੀ ਪਹਿਲਾਂ ਹੋਵੇ ਅਨੁਸਾਰ ਸ਼ੁਰੂ ਹੋਵੇਗੀ।

## 12 **ਕੰਟਰੈਕਟ ਫਾਰਮਿੰਗ ਸਕੀਮ** :

ਸਰਕਾਰ ਵੱਲੋਂ ਰਾਜ ਵਿੱਚ ਖੇਤੀ ਵਿਭਿੰਨਤਾ ਲਿਆਉਣ ਦੇ ਉਪਰਾਲੇ ਵੱਜੋਂ ਕਿਸਾਨਾਂ ਦੀ ਸਹੂਲਤ ਲਈ ਨਾਬਾਰਡ ਵੱਲੋਂ ਪ੍ਰਵਾਨਤ ਕੰਟਰੈਕਟ ਫਾਰਮਿੰਗ ਸਕੀਮ ਲਾਗੂ ਕੀਤੀ ਗਈ ਹੈ। ਸਕੀਮ ਅਧੀਨ ਮੁੱਖ ਫ਼ਸਲਾਂ ਜਿਵੇਂ ਕਣਕ, ਝੋਨਾ, ਕਪਾਹ ਅਤੇ ਸਬਜ਼ੀਆਂ ਲਈ ਕਰਜ਼ੇ ਹੇਠ ਲਿਖੇ ਅਨੁਸਾਰ ਦਿੱਤੇ ਜਾਂਦੇ ਹਨ।

* ਕਰਜ਼ਾ 1,00,000/ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤਾ ਜਾਵੇਗਾ।
* ਇਸ ਸਕੀਮ ਅਧੀਨ ਵੱਧ ਤੋਂ ਵੱਧ ਕਰਜ਼ਾ 3,50,000/ ਰੁਪਏ ਦਿੱਤਾ ਜਾ ਸਕਦਾ ਹੈ।
* ਕਰਜ਼ਾ 3 ਸਾਲਾਂ ਵਿੱਚ 6 ਬਰਾਬਰ ਛਿਮਾਹੀ ਕਿਸ਼ਤਾਂ ਵਿੱਚ ਮੋੜਨ ਯੋਗ ਹੈ।

## 13 **ਸਵੈਰੁਜ਼ਗਾਰ ਕਰੈਡਿਟ ਕਾਰਡ ਸਕੀਮ** :

ਛੋਟੇ ਪੇਂਡੂ ਦਸਤਕਾਰ, ਬੁਣਕਰ ਆਦਿ ਦੀਆਂ ਕਰਜ਼ਾ ਲੋੜਾਂ ਨੂੰ ਸੁਖਾਲਾ ਬਣਾਉਣ ਦੇ ਉਪਰਾਲੇ ਵੱਜੋਂ ਨਾਬਾਰਡ ਵੱਲੋਂ ਪ੍ਰਵਾਨਤ ਸਵੈਰੁਜ਼ਗਾਰ ਕਰੈਡਿਟ ਕਾਰਡ ਸਕੀਮ ਲਾਗੂ ਕੀਤੀ ਗਈ ਹੈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

* ਸਕੀਮ ਅਧੀਨ ਕਰਜ਼ੇ ਦੀ ਹੱਦ 25 ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਹੋਵੇਗੀ।
* ਕਰਜ਼ਾ 5 ਸਾਲ ਵਿੱਚ 10 ਛਿਮਾਹੀ ਕਿਸ਼ਤਾਂ ਵਿੱਚ ਵਾਪਸ ਕਰਨਯੋਗ ਹੋਵੇਗਾ।

## 14 **ਡੇਅਰੀ ਇੰਟਰਪਰਨਿਊਰ ਡਿਵੈਲਪਮੈਂਟ ਸਕੀਮ :**

* ਇਸ ਸਕੀਮ ਤਹਿਤ ਕਰਜ਼ਦਾਰ ਨੂੰ 10% ਮਾਰਜਨ ਮਨੀ ਜਮ੍ਹਾਂ ਕਰਵਾਉਣੀ ਪਵੇਗੀ।
* ਇਸ ਸਕੀਮ ਤੇ 25% ਤੋਂ 33.33% ਤੱਕ ਸਬਸਿਡੀ ਨਾਬਾਰਡ ਵੱਲੋਂ ਦਿੱਤੀ ਜਾਂਦੀ ਹੈ। ਇਹ ਸਬਸਿਡੀ ਨਾਬਾਰਡ ਕੋਲ ਫੰਡਾਂ ਦੀ ਉਪਲੱਬਧਤਾ ਅਨੁਸਾਰ ਹੋਵੇਗੀ।
* ਇਸ ਸਕੀਮ ਦੇ ਯੂਨਿਟ ਲਈ 5 ਤੋਂ 33 ਲੱਖ ਰੁਪਏ ਤੱਕ ਵੱਖ ਵੱਖ ਕੰਪੋਨੈਂਟ ਲਈ ਕਰਜਾ ਦਿੱਤਾ ਜਾਂਦਾ ਹੈ।

## 15 **ਹੋਰ ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :**

| ਸਕੀਮ ਦਾ ਨਾਂ | ਕਰਜ਼ਾ ਮੋੜਨ/ ਗਰੇਸ ਦਾ ਸਮਾਂ | ਯੂਨਿਟ ਮੁਕੰਮਲ ਕਰਨ ਦਾ ਸਮਾਂ |
|---|---|---|
| ਬਾਇਓ ਫਰਟੀਲਾਈਜ਼ਰ ਯੂਨਿਟ | 7 ਸਾਲ/1 ਸਾਲ | 12 ਮਹੀਨੇ ਕਰਜ਼ਾ ਮੰਨਜੂਰੀ ਤੋਂ |
| ਵਰਮੀਕਲਚਰ ਹੈਚਰੀਜ਼ | 7 ਸਾਲ/1 ਸਾਲ | 6 ਮਹੀਨੇ ਕਰਜ਼ਾ ਮੰਨਜੂਰੀ ਤੋਂ |
| ਫਰੂਟ ਅਤੇ ਵੈਜੀਟੇਬਲ ਵੇਸਟ ਕੰਪੋਸਟ ਯੂਨਿਟ | 7 ਸਾਲ/1 ਸਾਲ | 12 ਮਹੀਨੇ ਕਰਜ਼ਾ ਮੰਨਜੂਰੀ ਤੋਂ |

ਕਰਜ਼ਾ ਸਬੰਧਤ ਮਹਿਕਮਿਆਂ ਵੱਲੋਂ ਪ੍ਰਵਾਨਿਤ ਪ੍ਰੋਜੈਕਟ ਰਿਪੋਰਟ ਅਨੁਸਾਰ ਹੀ ਦਿੱਤਾ ਜਾਵੇਗਾ। ਸਬਸਿਡੀ ਸਮੇਂ ਸਮੇਂ ਸਿਰ ਸਬੰਧਤ ਮਹਿਕਮਿਆਂ ਵੱਲੋਂ ਉਪਲੱਬਧ ਫੰਡਾਂ ਅਨੁਸਾਰ ਦਿੱਤੀ ਜਾਵੇਗੀ।

## 16 ਸਕੀਮ ਫਾਰ ਐਗਰੀਕਲਚਰਲ ਮਾਰਕੀਟਿੰਗ ਇਨਫਰਾਸਟਰਕਚਰ :

ਨਾਬਾਰਡ ਵੱਲੋਂ ਕਿਸਾਨਾਂ ਨੂੰ ਉਨ੍ਹਾਂ ਦੀ ਖੇਤੀਬਾੜੀ ਦੀ ਪੈਦਾਵਾਰ, ਪ੍ਰੋਸੈਸਡ ਪੈਦਾਵਾਰ ਅਤੇ ਖੇਤੀਬਾੜੀ ਲਈ ਇੰਨਪੁੱਟਸ ਦਾ ਸਹੀ ਭੰਡਾਰ ਕਰਨ, ਕੁਆਲਿਟੀ ਕੰਟਰੋਲ ਅਤੇ ਵਧੀਆ ਕਿਸਮ ਦੀਆਂ ਮੰਡੀਕਰਨ ਦੀਆਂ ਸਹੂਲਤਾਂ ਪ੍ਰਦਾਨ ਕਰਵਾ ਕੇ ਉਨ੍ਹਾਂ ਦੀ ਪੈਦਾਵਾਰ ਦਾ ਵੱਧ ਮੁੱਲ ਦਿਵਾਉਣ ਦੇ ਉਪਰਾਲੇ ਵੱਜੋਂ ਉਕਤ ਸਕੀਮ ਮੰਨਜੂਰ ਕੀਤੀ ਗਈ ਹੈ ਜੋ ਬੈਂਕ ਵੱਲੋਂ ਰਾਜ ਦੇ ਸਾਰੇ ਪੀ.ਏ.ਡੀ.ਬੀਜ਼ ਵਿੱਚ ਲਾਗੂ ਕੀਤੀ ਗਈ ਹੈ।

ਸਕੀਮ ਅਧੀਨ ਪ੍ਰੋਜੈਕਟ ਕਾਸਟ ਦਾ 25% ਹਿੱਸਾ ਮਾਰਜਨ ਮਨੀ ਹੋਵੇਗਾ, 50% ਬੈਂਕ ਕਰਜ਼ਾ ਹੋਵੇਗਾ ਅਤੇ 25% ਸਬਸਿਡੀ ਹੋਵੇਗੀ ਜੋ ਵੱਧ ਤੋਂ ਵੱਧ 50 ਲੱਖ ਰੁਪਏ ਤੱਕ ਮਿਲ ਸਕੇਗੀ। ਇਸ ਸਕੀਮ ਅਧੀਨ ਖੇਤੀਬਾੜੀ ਦੀ ਪੈਦਾਵਾਰ ਦੀ ਮਾਰਕੀਟਿੰਗ ਲਈ, ਸ਼ਹਿਦ ਦੀ ਮਾਰਕੀਟਿੰਗ ਲਈ, ਫਲਾਂ ਤੇ ਸਬਜ਼ੀਆਂ , ਮਾਈਨਰ ਜੰਗਲਾਤ ਪੈਦਾਵਾਰ, ਮੱਛੀ , ਮੀਟ, ਪੋਲਟਰੀ ਦੀ ਮਾਰੀਕਟਿੰਗ ਆਦਿ ਦੇ ਇਨਫਰਾਸਟਕਚਰ ਤਿਆਰ ਕਰਨ ਲਈ ਅਤੇ ਖੇਤੀਬਾੜੀ ਦੀ ਮਸ਼ੀਨਰੀ ਜਿਵੇਂ ਇਲੈਕਟਰਾਨਕ ਵੇਇੰਗ ਮਸ਼ੀਨ, ਕੂਲਿੰਗ ਸਿਸਟਮ ਆਦਿ ਇਕੁੱਪਮੈਂਟਸ ਲਈ ਕਰਜ਼ਾ ਲੈ ਕੇ ਸਬਸਿਡੀ ਸਬੰਧਤ ਮਹਿਕਮੇ ਵੱਲੋਂ ਲਈ ਜਾ ਸਕਦੀ ਹੈ। ਕਰਜਾ ਵਾਪਸੀ ਦਾ ਸਮਾਂ 9 ਸਾਲ (1 ਸਾਲ grace period) ਹੋਵੇਗਾ ।

ਮਾਰਕੀਟਿੰਗ ਇਨਫਰਾਸਟਕਚਰ ਦਾ ਹੋਰ ਵੇਰਵਾ :

ੳ ਉਕਤ ਪੈਦਾਵਾਰ ਦੀ ਕੁਲੈਕਸ਼ਨ/ਅਸੈਬਲਿੰਗ ਕਰਨਾ, ਸਕਾਉਣਾ, ਸਾਫ ਕਰਨਾ, ਗਰੇਡਿੰਗ, ਸਟੈਂਡਰਡਾਇਜੇਸ਼ਨ, ਸੈਨਟੇਰੀ ਸਾਧਨ, ਕੁਆਲਿਟੀ ਸਰਟੀਫਿਕੇਸ਼ਨ, ਪੈਕਿੰਗ, ਲੇਬਲਿੰਗ, ਪਕਾਉਣ ਵਾਲੇ ਚੈਂਬਰ, ਰਿਟੇਲਿੰਗ ਤੇ ਹੋਲ ਸੇਲਿੰਗ, ਵੈਲਿਊ ਐਡੀਸ਼ਨ ਸਹੂਲਤਾਂ (ਪ੍ਰੋਡਕਟ ਦੀ ਫਾਰਮ ਬਦਲਣ ਤੋਂ ਬਗੈਰ) ਫੰਕਸ਼ਨਲ ਇਨਫਰਾਸਟਕਚਰ ਲਈ।

ਅ ਪ੍ਰੋਜੈਕਟ ਅਧੀਨ ਮਾਰਕੀਟ ਵਿੱਚ ਵਰਤੋਂ ਯੋਗ ਆਮ ਸਹੂਲਤਾਂ ਜਿਵੇਂ ਦੁਕਾਨਾਂ, ਦਫਤਰ, ਪੈਦਾਵਾਰ ਦੀ ਢੁਆਈ/ਉਤਰਾਈ ਲਈ, ਅਸੈਂਬਲਿੰਗ ਅਤੇ ਬੋਲੀ ਦੇਣ ਲਈ ਪਲੇਟਫਾਰਮ ਅਤੇ ਪਾਰਕਿੰਗ ਸ਼ੈੱਡ, ਵਿਚਕਾਰਲੀਆ ਸੜਕਾਂ, ਕੂੜਾਕਰਕਟ ਚੁੱਕਣ ਦਾ ਪ੍ਰਬੰਧ ਕਰਨਾ, ਚਾਰ ਦੀਵਾਰੀ ਕਰਨਾ, ਪੀਣ ਦੇ ਪਾਣੀ ਦਾ ਪ੍ਰਬੰਧ ਕਰਨਾ, ਸਫਾਈ ਸਾਧਨਾਂ ਦਾ ਪ੍ਰਬੰਧ ਕਰਨਾ, ਕੰਡਾ ਅਤੇ ਮਸ਼ੀਨੀ ਔਜ਼ਾਰਾਂ ਨਾਲ ਪੈਦਾਵਾਰ ਦਾ ਰੱਖਰਖਾਅ ਕਰਨ ਦੇ ਪ੍ਰਬੰਧ ਆਦਿ ਲਈ।

ੲ ਖੇਤੀਬਾੜੀ ਪੈਦਾਵਾਰ ਦੀ ਡਾਇਰੈਕਟ ਮਾਰਕੀਟਿੰਗ ਕਰਨ ਲਈ ਇਨਫਰਾਸਟਕਚਰ ਤਿਆਰ ਕਰਨ ਲਈ: ਜਿਸ ਅਨੁਸਾਰ ਪੈਦਾਵਾਰ ਸਿੱਧੀ ਕਿਸਾਨ ਤੋਂ ਖਪਤਕਾਰ/ਪ੍ਰੋਸੈਸਿੰਗ ਯੂਨਿਟ/ਥੋਕ ਵਪਾਰੀ ਨਾਲ ਡਾਇਰੈਕਟ ਮਾਰਕੀਟਿੰਗ ਕਰਕੇ ਵੱਧ ਮੁੱਲ ਪ੍ਰਾਪਤ ਕੀਤਾ ਜਾ ਸਕੇ।

ਸ ਪ੍ਰੋਡਕਸ਼ਨ ਇਨਪੁੱਟਸ ਦੀ ਸਪਲਾਈ ਕਰਨ ਲਈ ਅਤੇ ਕਿਸਾਨਾਂ ਨੂੰ ਲੋੜ ਅਨੁਸਾਰ ਸੇਵਾਵਾਂ ਪ੍ਰਦਾਨ ਕਰਨ ਲਈ ਇਨਫਰਾਸਟਕਚਰ ਤਿਆਰ ਕਰਨਾ।

ਹ ਈਟਰੇਡਿੰਗ, ਮਾਰਕੀਟ ਸੂਝਬੂਝ, ਮਾਰਕੀਟ ਵਿੱਚ ਵਾਧਾ ਕਰਨ ਅਤੇ ਪਲੈਨਿੰਗ ਕਰਨ ਆਦਿ ਲਈ ਇਨਫਰਾਸਟਕਚਰ ਤਿਆਰ ਕਰਨਾ।

ਕ ਫ਼ਸਲ ਦੀ ਕਟਾਈ ਉਪਰੰਤ ਚਲਦਾਫਿਰਦਾ (ਮੁਬਾਈਲ) ਇਨਫਰਾਸਟਕਚਰ ਤਿਆਰ ਕਰਨ ਲਈ (ਸਿਵਾਏ ਟਰਾਂਸਪੋਰਟ ਸਾਧਨ)।

17 **ਪਰਸਨਲ ਕਰਜ਼ਾ ਸਕੀਮ** (ਇਹ ਸਕੀਮ ਹਾਲ ਦੀ ਘੜੀ ਬੰਦ ਹੈ) :

ਬੈਂਕ ਵੱਲੋਂ ਪਜੰਬ ਸਰਕਾਰ ਦੇ ਮੁਲਾਜਮਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਮੁਲਾਜਮਾਂ ਨੂੰ ਨਿੱਜੀ ਜਰੂਰਤਾਂ ਦੀ ਪੂਰਤੀ ਵਾਸਤੇ ਪਰਸਨਲ ਕਰਜਾ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਤਹਿਤ ਕਰਜਾ ਹੇਠ ਲਿਖੇ ਅਨਸੁਾਰ ਦਿੱਤਾ ਜਾਂਦਾ ਹੈ ।

1 ਕਰਜ਼ੇ ਦੀ ਰਕਮ 4 ਲੱਖ ਰੁਪਏ ਤੱਕ ਹੈ।

2 ਕਰਜ਼ਾ 7 ਸਾਲ ਦੇ ਸਮੇਂ ਲਈ 14% ਸਾਲਾਨਾ ਵਿਆਜ ਦਰ ਤੇ ਦਿੱਤਾ ਜਾਂਦਾ ਹੈ।

3 ਕਰਜ਼ਾ ਮਹੀਨਾਵਾਰ ਕਿਸ਼ਤਾਂ ਵਿੱਚ ਮੋੜਨਯੋਗ ਹੋਵੇਗਾ।

4 ਕਰਜ਼ਦਾਰ ਨੂੰ ਕਰਜ਼ਾ ਲੈਣ ਲਈ ਆਪਣੇ ਮਹਿਕਮੇ ਦੇ ਦੋ ਮੁਲਾਜ਼ਮ/ਗਰਾਂਟਰਾਂ ਦੀ ਗਰੰਟੀ ਦੇਣੀ ਪਵੇਗੀ।

5 ਕਰਜ਼ਦਾਰ ਨੂੰ ਕਰਜ਼ਾ ਲੈਣ ਲਈ 4 ਫੋਟੋਆਂ, ਸੈਲਰੀ ਸਰਟੀਫਿਕੇਟ ਅਤੇ ਆਈ.ਡੀ. ਪਰੂਫ ਆਦਿ ਦੇਣਾ ਹੋਵੇਗਾ।

6 ਕਰਜ਼ਦਾਰ ਨੂੰ ਕਰਜ਼ਾ ਲੈਣ ਲਈ ਆਪਣੇ ਮਹਿਕਮੇ ਦੇ ਡੀ.ਡੀ.ਓ. ਵੱਲੋਂ ਸੈਲਰੀ ਸਰਟੀਫਿਕੇਟ ਅਤੇ ਕਰਜ਼ੇ ਦੀ ਕਿਸ਼ਤ ਦੀ ਵਾਪਸੀ ਸਬੰਧੀ ਜਿੰਮੇਂਵਾਰੀ ਲੈਣ ਬਾਰੇ ਤਸਦੀਕਸ਼ੁਦਾ ਸਰਟੀਫਿਕੇਟ ਦੇਣਾ ਪਵੇਗਾ।

**ਨਾਨ ਫਾਰਮ ਸੈਕਟਰ ਅਧੀਨ ਕਰਜ਼ਾ ਸਕੀਮ**

ਨਵੇਂ ਕਾਰੋਬਾਰ ਸ਼ੁਰੂ ਕਰਨ ਵਾਸਤੇ ਛੋਟੇ ਉਦਯੋਗਾਂ ਲਈ ਪੇਂਡੂ ਖੇਤਰ ਵਿੱਚ ਵੱਧ ਰਹੀ ਬੇਰੁਜ਼ਗਾਰੀ ਨੂੰ ਰੋਕਣ, ਕਾਰੀਗਰ ਅਤੇ ਟੈਕਨੀਕਲ ਯੋਗ/ਮਾਹਿਰ ਨੌਜਵਾਨਾਂ ਨੂੰ ਸਵੈਰੁਜ਼ਗਾਰ ਦੇ ਮੌਕੇ ਉਪਲੱਬਧ ਕਰਨ ਲਈ, ਇਸ ਬੈਂਕ ਵੱਲੋਂ ਨਾਨਫਾਰਮ ਸੈਕਟਰ ਦੇ ਤਹਿਤ ਵੀ ਵੱਖਰੇ - ਵੱਖਰੇ ਧੰਦਿਆਂ ਲਈ ਕਰਜ਼ੇ ਦੇਣ ਦੀ ਵਿਵੱਸਥਾ ਕੀਤੀ ਗਈ ਹੈ। ਨਾਨਫਾਰਮ ਸੈਕਟਰ ਦੇ ਤਹਿਤ ਵੀ ਕਰਜ਼ੇ ਫਾਰਮ ਸੈਕਟਰ ਦੇ ਕਰਜ਼ਿਆਂ ਦੇ ਨਿਯਮਾਂ ਮੁਤਾਬਕ ਹੀ ਦਿੱਤੇ ਜਾਣਗੇ। ਯੋਗ ਧੰਦਾ ਅਪਣਾਉਣ ਵਾਲਿਆਂ ਦੀ ਮਾਲੀ ਸਹਾਇਤਾ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਕਰੇਗਾ।

## ਕਰਜ਼ਾ ਕਿਸ ਨੂੰ ਮਿਲ ਸਕਦਾ ਹੈ :

ਹਰ ਕਿਸਾਨ, ਮਜ਼ਦੂਰ ਜਾਂ ਪੜਿਆਲਿਖਿਆ ਬੇਰੁਜ਼ਗਾਰ ਨੌਜਵਾਨ ਅਤੇ ਐਕਸ ਸਰਵਿਸਮੈਨ ਜਾਂ ਕਿਸੇ ਵੀ ਕੰਮ ਵਿੱਚ ਕਾਰੀਗਰ ਹੋਵੇ, ਟੈਕਨੀਕਲ ਯੋਗਤਾ ਰੱਖਦਾ ਹੋਵੇ, ਸਵੈਰੋਜ਼ਗਾਰ ਪਾਉਣ ਲਈ, ਇਸ ਸਕੀਮ ਦੇ ਤਹਿਤ ਕਰਜ਼ਾ ਲੈ ਕੇ ਲਾਭ ਉਠਾ ਸਕਦਾ ਹੈ। ਇਸ ਸਕੀਮ ਤਹਿਤ ਕਰਜ਼ਾ 50 ਲੱਖ ਰੁ: ਤੱਕ ਮਿਲ ਸਕਦਾ ਹੈ। ਕਰਜ਼ਾ ਵਾਪਸੀ ਦਾ ਸਮਾਂ ਹੇਠ ਲਿਖੇ ਅਨੁਸਾਰ ਹੋਵੇਗਾ :

| | | |
|---|---|---|
| 1 | 50,000 ਰੁਪਏ ਤੱਕ | 5 ਸਾਲ |
| 2 | 50,001 ਤੋਂ 2,00,000 ਰੁਪਏ ਤੱਕ | 7 ਸਾਲ |
| 3 | 2,00,001 ਤੋਂ ਉੱਪਰ | 10 ਸਾਲ |

ਨੋਟ : 1 ਕਰਜ਼ੇ ਦੀ ਵਾਪਸੀ ਮਹੀਨਾਵਾਰ ਕਿਸ਼ਤਾਂ ਵਿੱਚ ਹੋਵੇਗੀ।

2 ਕਰਜ਼ਾ ਲੈਣ ਵਾਸਤੇ ਵਾਹਨ ਦਾ ਬੀਮਾ ਅਤੇ ਬੈਂਕ ਦੇ ਨਾਮ ਹਾਈਪੋਥੀਕੇਸ਼ਨ ਕਰਾਉਣੀ ਜ਼ਰੂਰੀ ਹੈ।

ਨਾਨ ਫਾਰਮ ਸੈਕਟਰ ਵਿਚ ਆਉਂਦੇ ਸਵੈਰੋਜ਼ਗਾਰ ਦੇ ਧੰਦਿਆ ਦੀ ਵੇਰਵੇਸਹਿਤ ਸੂਚੀ ਅੱਗੇ ਦਿੱਤੀ ਜਾਂਦੀ ਹੈ।

ਆਪ ਦੀ ਸੇਵਾ ਲਈ ਪੰਜਾਬ ਵਿੱਚ 89 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ, ਹਰ ਵੇਲੇ ਹਾਜ਼ਰ ਹਨ। ਤਸੀਂ ਆਪਣੇ ਇਲਾਕੇ ਦੇ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਮੈਨੇਜਰ ਜਾਂ ਹੋਰ ਕਰਮਚਾਰੀਆਂ ਨਾਲ ਰਾਬਤਾ ਕਾਇਮ ਕਰੋ ਅਤੇ ਵਧੇਰੇ ਜਾਣਕਾਰੀ ਲੈ ਕੇ ਇਸ ਮੌਕੇ ਦਾ ਫਾਇਦਾ ਉਠਾਓ।

ਨਾਨ ਫਾਰਮ ਸੈਕਟਰ ਦੇ ਕਰਜ਼ੇ ਲਈ ਹੁਣ ਅਚੱਲ ਜਾਇਦਾਦ ਜਿਵੇਂ ਕਿ ਮਕਾਨ, ਦੁਕਾਨ ਆਦਿ ਵੀ ਰਹਿਣ ਕੀਤੀ ਜਾ ਸਕਦੀ ਹੈ।

ੳ) **ਆਵਾਜਾਈ ਦੇ ਸਾਧਨਾਂ ਲਈ ਕਰਜ਼ਾ ਸਕੀਮਾਂ** : ਇਸ ਸਕੀਮ ਤਹਿਤ ਭਾਰ ਢੋਣ ਵਾਲੇ ਛੋਟੇ ਅਤੇ ਵੱਡੇ ਸਾਧਨ ਜਿਵੇਂ ਪਸੈਂਜਰ ਟੈਕਸੀ, ਟਰੱਕ, ਥਰੀਵੀਲਰ, ਵੈਨਜ਼, ਆਟੋਰਿਕਸ਼ਾ, ਟਾਟਾ ਮੋਬਾਇਲ 206, ਮਹਿੰਦਰਾ ਪਿਕਅੱਪ, ਟਰੱਕ, ਵੈਨ / ਕਾਰ (ਟੈਕਸੀ ਵਜੋਂ) ਆਦਿ ਖਰੀਦਣ ਲਈ ਕਰਜ਼ਾ ਲਿਆ ਜਾ ਸਕਦਾ ਹੈ। ਇਸ ਕਰਜ਼ੇ ਦਾ ਸਮਾਂ ਪੰਜ ਸਾਲ ਹੋਵੇਗਾ। ਇਸ ਸਕੀਮ ਵਿੱਚ 15% ਕਰਜ਼ਦਾਰ ਨੂੰ ਆਪਣੇ ਕੋਲੋਂ ਪੈਸਾ ਲਾਉਣਾ ਪਵੇਗਾ।

## ਨਬਾਰਡ ਵੱਲੋਂ ਪ੍ਰਵਾਨਤ ਘਰੇਲੂ, ਛੋਟੇ ਅਤੇ ਪੇਂਡੂ ਉਦਯੋਗ ਜਿਹੜੇ ਰੀਫਾਈਨਾਂਸ ਅਸਿਸਟੈਂਨਸ ਦੇ ਯੋਗ ਹਨ ਦਾ ਵੇਰਵਾ :

ਅ **ਦਸਤਕਾਰੀ** :

1 ਕਲਾਤਮਤ ਕੱਪੜਾ : ਜਿਸ ਦੇ ਵਿੱਚ ਕਢਾਈ, ਜ਼ਰੀ ਦਾ ਕੰਮ, ਸ਼ਾਲ, ਚਿਕਨ ਦਾ ਕੰਮ, ਲੈਸ, ਗੋਟਾ, ਹਾਰ, ਫੁੱਲ ਆਦਿ।

2 ਚੂੜੀਆਂ ਵਗੈਰਾ ਜਿਵੇਂ ਕੜੇ, ਮੋਤੀ, ਲਾਖ ਵਗੈਰਾ ਦੀਆਂ ਬਣੀਆਂ ਹੋਈਆਂ ਚੀਜ਼ਾਂ।

3 ਬੈਂਤ, ਬਾਂਸ ਆਦਿ ਨਾਲ ਬਣਨ ਵਾਲੀਆਂ ਚੀਜਾਂ, ਲਕੜੀ ਦੀਆਂ ਕੰਘੀਆਂ, ਟੋਕਰੀਆਂ ਅਤੇ ਹੋਰ ਸਜਾਵਟ ਦੀਆਂ ਚੀਜਾਂ।

4 ਗਰਮ ਗਲੀਚੇ, ਗੱਦੇਦਾਰ ਗਲੀਚੇ ਦਰੀਆਂ ਆਦਿ।

5 ਮਿੱਟੀ ਦੇ ਅਤੇ ਚੀਨੀ ਦੇ ਭਾਂਡੇ ਬਨਾਉਣਾ।

6 ਸਿੱਪੀਆਂ ਅਤੇ ਘੋਗਿਆਂ ਨਾਲ ਬਣਾਈਆਂ ਜਾਣ ਵਾਲੀਆਂ ਚੀਜ਼ਾਂ

7 ਰੇਸ਼ਿਆਂ ਦੇ ਬੈਗ, ਚਟਾਈਆਂ, ਟਰੇਆਂ ਆਦਿ ਬਨਾਉਣਾ।

8 ਹੱਥ ਪ੍ਰਿੰਟਿੰਗ, ਪ੍ਰਿੰਟਿੰਗ, ਪੁਰਾਣਾ ਰੰਗਾਈ ਦਾ ਢੰਗ ਜਿਸਦੇ ਵਿੱਚ ਕਲਮ ਨਾਲ ਕਲਾਕਾਰੀ, ਬਟੀਕ ਅਤੇ ਰੋਗਨ ਨਾਲ ਪ੍ਰਿੰਟਿੰਗ।

9 ਜੇਵਰ ਆਦਿ ਬਨਾਉਣਾ, ਕੀਮਤੀ ਹੀਰੇ ਆਦਿ ਕੱਟਣ ਦਾ ਕੰਮ, ਪਾਲਿਸ਼ ਦਾ ਕੰਮ ਅਤੇ ਬਨਾਵਟੀ ਪੱਥਰਾਂ ਦੀ ਕਟਾਈ ਦਾ ਕੰਮ।

10 ਧਾਤ ਦੇ ਬਰਤਨ ਆਦਿ : ਜਿਸਦੇ ਵਿਚ ਚਾਂਦੀ, ਪਿੱਤਲ, ਤਾਂਬਾ, ਹਾਥੀ ਦੰਦ ਦੀ ਖੁਦਾਈ ਅਤੇ ਕਢਾਈ, ਹਾਥੀ ਦੰਦ ਦਾ ਕੰਮ ਆਦਿ।

11 ਪੱਥਰ ਦਾ ਕੰਮ , ਪੱਥਰ ਦੀ ਖੁਦਾਈ ਆਦਿ।

12 ਲੱਕੜ ਦਾ ਕੰਮ, ਲਕੜ ਦੀ ਖੁਦਾਈ, ਸਜਾਵਟੀ ਫਰਨੀਚਰ, ਸਲੇਟਾਂ ਦੇ ਫਰੇਮ, ਖਿਡੌਣੇ ਅਤੇ ਹੋਰ ਲੱਕੜ ਤੋਂ ਬਣਨ ਵਾਲੀਆਂ ਚੀਜ਼ਾਂ।

ੲ ਪੇਂਡੂ ਉਦਯੋਗ :

ਤਰਖਾਣਾ ਕੰਮ, ਆਰਾ, ਪਲਾਈ ਵੁੱਡ ਬਨਾਉਣਾ, ਲਕੜੀ ਦਾ ਫਰਨੀਚਰ, ਫਿਕਸਚਰ ਆਦਿ, ਲੁਹਾਰਾ ਕੰਮ, ਮੱਖੀਆਂ ਦਾ ਪਾਲਣਾ ਆਦਿ, ਸ਼ਹਿਦ ਤੇ ਸ਼ਹਿਦ ਤੋਂ ਬਣਾਈਆਂ ਜਾਣ ਵਾਲੀਆਂ ਚੀਜ਼ਾਂ, ਮਾਚਸਾਂ ਬਨਾਉਣਾ, ਦੇਸੀ ਸਾਬਣ, ਕੁਟੀਰ ਗਰਾਮ ਉਦਯੋਗ, ਬੀੜੀਆਂ ਬਨਾਉਣਾ, ਝਾੜੂ ਬਨਾਉਣਾ, ਖਾਦ ਬਨਾਉਣਾ, ਇੱਟਾਂ ਦਾ ਭੱਠਾ ਲਗਾਉਣਾ ਆਦਿ।

ਸ ਚਮੜਾ ਉਦਯੋਗ :

ਚਮੜਾ ਸਾਫ ਕਰਨਾ, ਚਮੜਾ ਰੰਗਣਾ, ਫੁੱਟਵੀਅਰ ਬਨਾਉਣਾ, ਚਮੜੇ ਦਾ ਕੰਮ ਕਰਨਾ, ਚਮੜੇ ਦੇ ਸੀਤੇ ਕੱਪੜੇ ਦਾ ਕੰਮ, ਚਮੜੇ ਦੀਆਂ ਆਕਰਸ਼ਕ ਅਤੇ ਕਲਾਤਮਕ ਚੀਜ਼ਾਂ ਬਨਾਉਣਾ, ਚਮੜੇ ਦੀਆਂ ਚੀਜ਼ਾਂ ਦੇ ਬੈਗ, ਪਰਸ, ਘੜੀਆਂ ਦੇ ਸਟਰੈਪ, ਬੈਲਟਾਂ, ਸਾਈਕਲ ਦੀਆਂ ਗੱਦੀਆਂ ਅਤੇ ਬਿਸਤਰ ਬੰਦ ਬਨਾਉਣਾ, ਉਦਯੋਗਾਂ ਵਿਚ ਵਰਤੇ ਜਾਣ ਵਾਲੇ ਦਸਤਾਨੇ ਅਤੇ ਬੈਲਟਾਂ।

ਹ ਭਾਂਡੇ ਬਨਾਉਣਾ :

ਮਿੱਟੀ ਦੇ ਭਾਂਡੇ ਬਨਾਣਾ, ਸਜਾਵਟੀ ਵਸਤਾਂ, ਚਾਈਨਾਂਵੇਅਰ ਭਾਂਡੇ ਬਨਾਉਣਾ, ਮਿੱਟੀ ਦੀ ਮੋਲਡਿੰਗ ਤਿਆਰ ਕਰਨਾ, ਪੱਥਰ ਦਾ ਕੰਮ, ਟਾਈਲਾਂ ਬਨਾਉਣਾ, ਕਲਾਤਮਕ ਅਤੇ ਨਵੇਂਨਵੇਂ ਭਾਂਡੇ ਬਨਾਉਣਾ, ਨਵੇਂ ਕਿਸਮ ਦੇ ਚੁਲ੍ਹੇ ਬਨਾਉਣਾ।

ਕ ਕਾਗਜ਼ਾਂ ਦੀਆਂ ਚੀਜਾਂ ਬਨਾਉਣਾ :

ਟਿਸ਼ੂ ਪੇਪਰ, ਮੋਮ ਦੇ ਕਾਗਜ਼, ਪੇਪਰ ਪਲੇਟਸ, ਕੱਪ ਬਨਾਉਣਾ, ਕਾਗਜ਼ ਦੇ ਲਫਾਫੇ ਬਨਾਉਣਾ, ਰੁਮਾਲ ਬਨਾਉਣਾ, ਮੂੰਹ ਸਾਫ ਕਰਨ ਵਾਲੇ ਰੁਮਾਲ, ਟੈਲੀਪ੍ਰਿੰਟਿੰਗ ਰੋਲਜ਼, ਟੁਆਏਲੈਟ ਪੇਪਰ ਰੋਲਜ਼, ਫਾਈਲ ਕਵਰਜ਼, ਫਾਈਲ ਬੋਰਡ, ਰਾਈਟੀਂਗ ਪੈਡਜ਼, ਨਮੂਨੇਦਾਰ ਕਾਗਜ ਬਨਾਉਣਾ।

ਖ ਛਪਾਈ ਦਾ ਕੰਮ ਅਤੇ ਜਿਲਦਾਂ ਬੰਨਣ ਲਈ :

ਗ ਸ਼ੀਸ਼ੇ ਦਾ ਕੰਮ:

ਕੱਚ ਦੇ ਸ਼ੀਸ਼ੇ ਬਨਾਉਣਾ, ਗਲਾਸ ਦੀਆਂ ਚੂੜੀਆਂ ਬਨਾਉਣਾ, ਗਲਾਸ ਦੇ ਕੜੇ ਬਨਾਉਣਾ, ਗਲਾਸ ਦੀਆਂ ਸਲਾਈਡਾਂ ਬਨਾਉਣਾ, ਥਰਮਾਮੀਟਰਜ਼ ਬਨਾਉਣਾ।

**ਘ ਰਬੜ ਦੀਆਂ ਚੀਜ਼ਾਂ ਬਨਾਉਣਾ** :

ਪੈਰਾਂ ਵਿਚ ਪਾਉਣ ਵਾਲੀਆਂ ਜੁੱਤੀਆਂ ਅਤੇ ਖੇਡਾਂ ਵਾਸਤੇ ਵਰਤਣ ਵਾਲੇ ਜੁੱਤੇ, ਸਾਈਕਲ ਦੇ ਟਾਇਰ ਅਤੇ ਟਿਊਬਾਂ, ਡਾਕਟਰੀ ਦਸਤਾਨੇ, ਰਬੜ ਦੀਆਂ ਟਿਊਬਾਂ, ਬਿਜਲੀ ਦੀਆਂ ਤਾਰਾਂ, ਰੰਗਾਂ ਵਾਲੇ ਬੁਰਸ਼, ਵਾਲਾਂ ਵਾਲੇ ਬੁਰਸ਼, ਟੂਥ ਬੁਰਸ਼, ਟਾਇਰਾਂ ਦੀ ਰੀਸੋਲਿੰਗ ਕਰਨਾ।

**ਙ    ਮਕਾਨ ਬਨਾਉਣਾ ਅਤੇ ਮਕਾਨ ਬਨਾਉਣ ਦਾ ਸਮਾਨ ਬਨਾਉਣਾ :**

ਸਟੋਨ ਕਰਸ਼ਿੰਗ, ਖਾਨਾਂ ਬਨਾਉਣਾ, ਬਜਰੀ ਦੀਆਂ ਚੀਜਾਂ ਬਨਾਉਣ ਦਾ ਕੰਮ, ਇੱਟਾਂ ਅਤੇ ਟਾਈਲਾਂ, ਪੱਥਰ ਦਾ ਕੰਮ, ਚੁੱਲ੍ਹਾ ਬਨਾਉਣਾ, ਸੀਮੈਂਟ ਦਾ ਕੰਮ, ਖਾਨਾਂ ਦਾ ਕੰਮ, ਚਾਕ ਬਨਾਉਣਾ, ਚੂਨੇ ਅਤੇ ਰੇਤ ਦੀਆਂ ਟਾਈਲਾਂ ਬਨਾਉਣਾ, ਬਲਾਕਸ ਅਤੇ ਜਾਲੀਆਂ ਦਾ ਬਨਾਉਣਾ।

ਚ    ਕੈਮੀਕਲ/ਕੈਮੀਕਲਜ਼ ਦੀਆਂ ਚੀਜ਼ਾਂ ਬਨਾਉਣਾ :

ਮੋਮਬੱਤੀਆਂ ਬਨਾਉਣਾ, ਜੁੱਤੇ ਬਨਾਉਣਾ, ਲਕੜੀ ਦਾ ਪਾਲਿਸ਼ ਬਨਾਉਣਾ, ਫਰੈਂਚ ਪਾਲਿਸ਼ ਬਨਾਉਣਾ, ਧਾਤ ਦੀ ਪਾਲਿਸ਼ ਬਨਾਉਣਾ, ਟੁਆਇਲੈਟ ਸੋਪ ਬਨਾਉਣਾ, ਲਾਂਡਰੀ ਸੋਪ ਬਨਾਉਣਾ, ਦੰਦਾਂ ਦਾ ਪਾਊਡਰ ਬਨਾਉਣਾ, ਦੰਦਾਂ ਦਾ ਪੇਸਟ ਬਨਾਉਣਾ, ਸੇਫਟੀ ਮਾਚਿਸ ਬਨਾਉਣਾ, ਪਟਾਕੇ ਬਨਾਉਣਾ, ਡਾਕਟਰੀ ਸਮਾਨ ਬਨਾਉਣਾ, ਸਰੇਸ਼ ਬਨਾਉਣਾ, ਦਫ਼ਤਰ ਦਾ ਗੂੰਦ ਬਨਾਉਣਾ।

ਛ    ਪਲਾਸਟਿਕ ਦੀਆਂ ਚੀਜ਼ਾਂ ਬਨਾਉਣਾ :

ਪੀ ਪੀ/ਐਚ ਡੀ/ਐਚ.ਐਮ.ਪੀ.ਈ./ਐਲ/ਡੀ/ਪੀ/ਈ/ਐਲ/ਐਲ/ਡੀ ਈ ਫਿਲਮਜ਼ ਅਤੇ ਸਬੰਧਤ ਚੀਜਾਂ, ਪੀ.ਵੀ.ਸੀ. ਗਰੈਨੂਅਲਜ ਬਨਾਉਣਾ, ਇੰਜੈਕਸ਼ਨ ਮੋਲਡਿੰਗਜ਼, ਥਰਮੋਪਲਾਸਟਿੰਗ ਦੀਆਂ ਚੀਜ਼ਾਂ ਬਨਾਉਣਾ, ਪਾਲੀਥੀਨ ਬੈਗਜ਼ ਅਤੇ ਬੋਰੀਆਂ, ਹੋਰ ਪਲਾਸਟਿਕ ਦੀਆਂ ਚੀਜਾਂ ਬਨਾਉਣਾ।

ਜ    ਜਨਰਲ ਇੰਜਨੀਅਰਿੰਗ :

ਛੱਤਰੀਆਂ ਬਨਾਉਣਾ, ਕੰਡਿਊਅਟ ਪਾਇਪਸ, ਢਲਾਈ ਦਾ ਕੰਮ, ਨਾਨ ਫੈਰਸ ਧਾਤ ਦਾ ਕੰਮ, ਸਟੀਲ ਟਰੰਕ ਧਾਤ ਦੀਆਂ ਸ਼ੀਟਾਂ ਦਾ ਕੰਮ, ਪੀਪੇ ਬਨਾਉਣਾ, ਲੁਹਾਰਾ ਕੰਮ, ਧਾਤ ਦੀ ਰੋਲਿੰਗ, ਅਲਮੀਨੀਅਮ ਦੀਆਂ ਚੀਜ਼ਾਂ ਬਨਾਉਣਾ, ਡਾਕ ਸੀਲਾਂ ੁਬਨਾਉਣਾ, ਬਰਾਸ/ਕਾਪਰ/ਬਲੈਕ ਮੈਟਲ ਦਾ ਕੰਮ, ਖੇਤੀਬਾੜੀ ਦੇ ਸੰਦ, ਬੀਮ ਸਕੇਲਜ਼, ਮਸ਼ੀਨੀ ਖਿਲੌਣੇ, ਸੰਦਾਂ ਦਾ ਉਤਪਾਦਨ ਕਰਨਾ, ਪੁਰਜ਼ੇ ਜੋੜਨ ਦਾ ਕੰਮ, ਸਟੋਵ ਪਿੰਨਾਂ/ਸੇਫਟੀ ਪਿੰਨਾਂ ਬਨਾਉਣਾ, ਅਲਮੀਨੀਅਮ ਦੇ ਬਟਨ, ਸਿਗਨਲ ਲੈਂਪਸ, ਲਾਲਟੈਨਾਂ, ਕੰਡੇਦਾਰ ਤਾਰਾਂ, ਕਾਂਟੇ ਛੁਰੀਆਂ, ਕਾਂਟੇ ਬਨਾਉਣਾ, ਘਰੇਲੂ ਬਰਤਨ, ਭਾਂਡੇ ਪਿੱਤਲ, ਅਲੂਮੀਨੀਅਮ, ਕਾਪਰ, ਲੋਹਾ, ਸਿਲਵਰ, ਬਰਾਨਜ, ਜਰਮਨ ਸਿਲਵਰ, ਤਾਰ ਬਨਾਉਣਾ, ਤਾਰ ਨੂੰ ਵੈਲਡ ਕਰਨ ਦੀਆਂ ਚੀਜ਼ਾ ਬਨਾਉਣਾ, ਬਲੇਡ ਬਨਾਉਣਾ, ਚਾਕੂ ਅਤੇ ਸ਼ੇਵਿੰਗ ਬਲੇਡ ਬਨਾਉਣਾ, ਆਰੀ ਦੇ ਬਲੇਡ ਅਤੇ ਛੈਣੀਆਂ, ਬੋਤਲਾਂ ਨੂੰ ਸਾਫ ਕਰਨ ਵਾਲੇ ਬੁਰਸ਼, ਮੈਟਾਲਿਕ ਵਾਚ ਸਟਰੈਪ, ਅਲਮੀਨੀਅਮ/ਸਟੀਲ ਫਰਨੀਚਰ, ਜੀਪ ਫਾਸਟਨਜ਼, ਤਾਲੇ ਬਨਾਉਣਾ।

ਝ    ਇਲੈਕਟਰਾਨਿਕਸ/ਆਟੋਮੋਬਾਇਲ ਇੰਜ: ਦੀਆਂ ਚੀਜ਼ਾ ਬਨਾਉਣਾ :

ਬਿਜਲੀ ਦਾ ਸਮਾਨ ਬਨਾਉਣਾ, ਰੇਡੀਓ ਦੀ ਅਸੈਸਰੀਜ, ਮੋਟਰਾਂ ਦੇ ਕਲਪੁਰਜ਼ੇ, ਸਾਇਕਲਾਂ ਦੇ ਕਲਪੁਰਜੇ, ਸਾਇਕਲ ਦੇ ਡਾਇਨਮੋ, ਸਾਇਕਲ ਦੀਆਂ ਚੈਨਾਂ ਅਤੇ ਮੈਡਗਾਰਡ, ਬੂਸਟਰਜ਼, ਪੀਵੀਸੀ /ਤਾਰਾਂ/ਸੋਲਡਰਿੰਗ ਤਾਰਾਂ, ਸਜਾਵਟੀ ਬਲਬ, ਐਮਪਲੀਫਾਇਰ, ਲਾਊਡ ਸਪੀਕਰ, ਬੈਟਰੀ/ਐਲਿਮੀਨੇਟਰ/ਰੈਗੂਲੇਟਰ, ਹੀਅਰਰਿੰਗ ਏਡਜ਼, ਇਲੈਕਟਰਾਨਿਕਸ ਦੀਆਂ ਚੀਜ਼ਾਂ ਇੱਕਠੀਆਂ ਕਰਨ ਦਾ ਕੰਮ, ਹੇਅਰ ਡਰਾਇਰਜ਼, ਫਲੋਰੇਸੈਂਟ ਲੈਂਪ ਦੇ ਸਟਾਰਟਰ ਬਨਾਉਣ ਦਾ ਕੰਮ, ਬੈਟਰੀ ਚਾਰਜਰ ਬਨਾਉਣਾ, ਛੋਟੇ ਟਰਾਂਸਫਾਰਮਰਜ਼ ਬਨਾਉਣਾ, ਚੋਰੀ ਚਕਾਰੀ ਰੋਕਣ ਲਈ ਅਲਾਰਮ ਬਨਾਉਣਾ।

ਞ    ਖੇਡਾਂ ਦਾ ਸਮਾਨ ਬਨਾਉਣਾ : ਹਰ ਕਿਸਮ ਦੇ ਸਪੋਰਟਸ ਨੈਟ ਬਨਾਉਣਾ, ਚਿੜੀਆਂ, ਹਾਕੀ ਸਟਿੱਕਸ, ਬਚਾਅ ਦੇ ਸਾਧਨਾਂ ਲਈ ਸਮਾਨ ਬਨਾਉਣਾ ਜਿਵੇਂ ਪੈਡਜ਼, ਦਸਤਾਨੇ ਆਦਿ, ਕ੍ਰਿਕਟ ਬੱਲੇ, ਕ੍ਰਿਕਟ ਅਤੇ ਹਾਕੀ ਦੀਆਂ ਬਾਲਾਂ ਬਨਾਉਣ, ਫੁੱਟਬਾਲ, ਵਾਲੀਬਾਲ ਅਤੇ ਬਾਸਕਟਬਾਲ ਕਵਰਜ਼, ਸਿਹਤ ਠੀਕ ਰੱਖਣ ਲਈ ਸਮਾਨ ਬਨਾਉਣਾ।

ਟ ਸਟੇਸ਼ਨਰੀ ਆਈਟਮਜ਼ :

ਸਿਆਹੀ ਬਨਾਉਣ, ਬਾਲ ਪਆਇੰਟ ਪੈਨ, ਫਾਊਟੈਂਨ ਪੈਨ, ਪੈਨ ਨਿੱਬ, ਪੈਨਸਿਲਾਂ, ਪੇਪਰ ਪਿੰਨ, ਕਾਰਬਨ ਪੇਪਰ, ਹੱਥ ਨਾਲ ਬਣਿਆ ਪੇਪਰ, ਹੈਂਡ ਮੇਡ ਕਾਰਡ ਬੋਰਡ, ਡਰਾਇੰਗ ਬੋਰਡ ਬਨਾਉਣਾ, ਫੁੱਟਰੂਲਜ਼।

ਠ ਐਗਰੋ ਇੰਡਸਟਰੀਜ਼ ਦੀਆਂ ਚੀਜ਼ਾਂ ਬਨਾਉਣਾ :

ਦਵਾਈਆਂ, ਖਾਦ ਆਦਿ ਬਨਾਉਣਾ, ਖੇਤੀਬਾੜੀ ਮਸ਼ੀਨਰੀ ਬਨਾਉਣਾ, ਹਲ, ਵਹਾਈ ਕਰਨ ਵਾਲੇ ਸੰਦ, ਜ਼ਮੀਨ ਕੱਟਣ ਵਾਲੇ ਸੰਦ, ਦਵਾਈਆਂ ਛਿੜਕਣ ਵਾਲੇ ਸਮਾਨ, ਲੈਵਲਰ, ਜੜੀ ਬੂਟੀਆਂ ਕੱਢਣ ਵਾਲੀਆਂ ਦਵਾਈਆਂ।

ਡ ਸੀਤੇ ਸਿਲਾਏ ਕੱਪੜੇ ਦਾ ਕੰਮ ਕਰਨਾ :

ਹੌਜ਼ਰੀ ਦਾ ਕੰਮ, ਕਪੜੇ ਬਨਾਉਣਾ, ਬੁਣਾਈ ਅਤੇ ਸਿਲਾਈ ਦਾ ਕੰਮ, ਕਢਾਈ ਦਾ ਕੰਮ ਕਰਨਾ।

ਢ ਰੇਸ਼ਮ ਦੇ ਕੀੜੇ ਪਾਲਣਾ :

ਸਿਲਕ ਦੇ ਕੀੜੇ ਪਾਲਣਾ ਅਤੇ ਇਨ੍ਹਾਂ ਵਿਚੋਂ ਧਾਗਾ ਕੱਢਣਾ ਆਦਿ।

ਣ ਜੂਟ :

ਜੂਟ ਦੀਆਂ ਚਟਾਈਆਂ, ਧਾਗਾ ਅਤੇ ਰੱਸੇ ਬਨਾਉਣਾ

ਤ ਹੈਂਡਲੂਮ/ਪਾਵਰ ਲੂਮਜ਼ :

ਧਾਗਾ ਬਨਾਉਣਾ, ਧਾਗਾ ਬੁਣਨਾ, ਗੋਲੇ ਬਨਾਉਣਾ, ਸੂਤੀ ਅਤੇ ਰੇਸ਼ਮੀ ਕਪੜਾ ।

ਥ ਪਿਛੜੇ ਹੋਏ ਇਲਾਕੇ/ਜੰਗਲੀ ਇਲਾਕਿਆਂ ਦੇ ਧੰਦੇ :

ਤੇਲ ਦੇ ਬੀਜਾਂ ਤੋਂ ਤੇਲ ਕੱਢਣਾ, ਫੁੱਲਾਂ ਚੋਂ ਅਰਕ ਕੱਢਣਾ, ਵੱਖਵੱਖ ਸਾਧਨਾਂ ਤੋਂ ਰੇਸ਼ੇ ਕੱਢਣਾ, ਘਾਹ, ਬੈਂਤ ਅਤੇ ਬਾਂਸ ਤੋਂ ਬਣਨ ਵਾਲੀਆਂ ਚੀਜ਼ਾਂ ਬਣਾਉਣਾ, ਲੱਕੜ ਦੀਆਂ ਚੀਜ਼ਾਂ ਬਣਾਉਣਾ, ਮਿੱਟੀ ਦੇ ਭਾਂਡੇ ਜਿਵੇਂ ਗਮਲੇ ਬਨਾਉਣਾ, ਕੱਥਾ ਬਨਾਉਣਾ, ਦਰੱਖਤਾਂ ਚੋਂ ਗੂੰਦ ਅਤੇ ਬਰੋਜਾ ਕੱਢਣਾ, ਲੇਸ ਇਕੱਠੀ ਕਰਨ ਦਾ ਕੰਮ, ਹੋਰ ਚੀਜ਼ਾਂ।

ਦ ਫੁੱਟਕਲ ਚੀਜ਼ਾਂ :

ਨਾਬਾਰਡ ਨੇ ਜੋ ਉਪਰੋਕਤ ਲਿਸਟ ਨਾਨਫਾਰਮ ਸੈਕਟਰ ਸਕੀਮਾਂ ਲਈ ਜਾਰੀ ਕੀਤੀ ਹੈ ਉਸ ਤੋਂ ਇਲਾਵਾ ਹੋਰ ਆਈਟਮਾਂ ਹੇਠ ਲਿਖਿਆਂ ਸ਼ਾਮਲ ਕੀਤੀਆਂ ਗਈਆਂ ਹਨ।

ਸਜਾਵਟੀ ਮੱਛੀਆਂ ਪੈਦਾ ਕਰਨੀਆਂ ਅਤੇ ਫਿਸ਼ ਐਕੁਏਰੀਅਮ ਬਨਾਉਣਾ, ਐਸ.ਟੀ.ਡੀ., ਪੇ ਫੋਨ ਯੂਨਿਟ, ਕੇਬਲ ਟੀ.ਵੀ. ਨੈਟਵਰਕ, ਵੀਡਿਓ ਡੁਪਲੀਕੇਟਰਜ, ਬਗੈਰ ਧੂੰਏ ਵਾਲੇ ਚੁੱਲ੍ਹੇ, ਜਾਨਵਰਾਂ ਲਈ, ਜਾਨਵਰਾਂ ਦੀ ਚੰਗੀ ਖੁਰਾਕ ਬਨਾਉਣਾ।

ਸਲਾਹਕਾਰੀ ਅਤੇ ਖੁਰਾਕ ਬਾਰੇ, ਖੇਤੀਬਾੜੀ ਦੇ ਕੰਮਾਂ ਵਿੱਚ ਜਮੀਨ ਦਾ ਪ੍ਰੇਖਣ, ਖੇਤੀਬਾੜੀ ਵਿੱਚ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ, ਪਲਾਂਟਿੰਗ ਆਦਿ ਲਈ ਸਲਾਹਕਾਰੀ ਦਫ਼ਤਰ ਖੋਲ੍ਹਣੇ, ਜਾਨਵਰਾਂ ਲਈ ਕਲੀਨਿਕ ਖੋਲ੍ਹਣਾ, ਬਜਰੀ ਮਿਕਸ ਕਰਨ ਲਈ ਮਸ਼ੀਨਾਂ ਲੈਣੀਆਂ ਜਾਂ ਕਿਰਾਏ ਤੇ ਦੇਣੀਆਂ, ਹੋਟਲ, ਰੈਸਟੋਰੈਂਟ, ਢਾਬਾ ਆਦਿ, ਫੋਟੋਸਟੇਟ ਮਸ਼ੀਨ ਲਗਾਉਣਾ, ਟਾਇਪਿੰਗ/ਪ੍ਰਿੰਟਿੰਗ, ਡੈਟਾ ਪ੍ਰੋਸੈਸਿੰਗ।

# ਬੈਂਕ ਵੱਲੋਂ ਚੁੱਕੇ ਗਏ ਮਹੱਤਵਪੂਰਣ ਕਦਮ

1 ਮਹਿਲਾਵਾਂ ਵਾਸਤੇ ਲੋਨ ਫੀਸ ਮਾਫ ਕਰ ਦਿੱਤੀ ਗਈ ਹੈ ਅਤੇ ਮਹਿਲਾਵਾਂ ਦੇ ਲੋਨ ਕੇਸ ਦਾ ਨਿਪਟਾਰਾ 7 ਦਿਨਾਂ ਦੇ ਅੰਦਰ ਕੀਤਾ ਜਾਂਦਾ ਹੈ। ਮਹਿਲਾਵਾਂ ਤੋਂ ਕੋਈ ਕਰਜ਼ਾ ਫੀਸ ਨਹੀਂ ਲਈ ਜਾਂਦੀ। ਮਹਿਲਾਵਾਂ ਨੂੰ ਵਿਆਜ ਦਰਾਂ ਤੇ ਵੀ 0.5% ਦੀ ਛੋਟ ਹੈ।

2 ਪੀ.ਏ.ਡੀ.ਬੀਜ ਤੋਂ ਕਰਜ਼ਾ ਲੈਣ ਲਈ ਲਾਭਪਾਤਰਾਂ ਪਾਸੋਂ ਲਈ ਜਾਣ ਵਾਲੀ ਸ਼ੇਅਰ ਮਨੀ ਦੀ ਰਾਸ਼ੀ 5% ਤੋਂ ਘਟਾ ਕੇ 3% ਕਰ ਦਿੱਤੀ ਗਈ ਹੈ।

3 ਕਰਜ਼ਾ ਦੇਣ ਲਈ ਜਮੀਨ ਦੀ ਕੀਮਤ ਸਬੰਧਤ ਕੁਲੈਕਟਰ/ਡੀ.ਸੀ ਰੇਟ ਦਾ 80% ਲਈ ਜਾਂਦੀ ਹੈ। ਪਹਿਲਾਂ ਇਹ ਦਰ 75% ਸੀ ਕਮਰਸ਼ੀਅਲ ਡੇਅਰੀ ਲਈ ਇਹ ਦਰ 90% ਹੈ। ਜਮੀਨ ਦੀ ਕੀਮਤ 5.00 ਲੱਖ ਰੁਪਏ ਪ੍ਰਤੀ ਏਕੜ ਤੋਂ ਘੱਟ ਨਹੀਂ ਲਈ ਜਾਂਦੀ।

4 ਬੈਂਕ ਨੇ ਕਿਸਾਨਾਂ ਦੀ ਸਹੂਲਤ ਲਈ ਆਪਣੀ ਕਰਜ਼ਾ ਪਾਲਿਸੀ ਵਿੱਚ ਸੋਧ ਕੀਤੀ ਹੈ, ਜਿਸ ਦੇ ਅਨੁਸਾਰ ਸਰਪਲੱਸ ਏਰੀਆ ਸਰਟੀਫਿਕੇਟ, ਤਕਾਵੀ ਸਰਟੀਫਿਕੇਟ, ਨੋਡਿਊ ਸਰਟੀਫਿਕੇਟ, ਪਹਿਲਾ ਅਤੇ ਦੂਜਾ ਭਾਰ ਰਹਿਤ ਸਰਟੀਫਿਕੇਟ, ਕਾਨੂੰਨੀ ਰਾਏ ਆਦਿ ਦਸਤਾਵੇਜ ਲੈਣੇ ਬੰਦ ਕਰ ਦਿੱਤੇ ਹਨ।

5 ਪਹਿਲਾਂ ਪੀ.ਏ.ਡੀ.ਬੀਜ਼ ਤੋਂ ਕਰਜ਼ਾ ਲੈਣ ਸਮੇਂ ਸਾਂਝੇ ਖਾਤੇ ਵਾਲੇ ਕੇਸਾਂ ਵਿੱਚ ਕਰਜ਼ਾ ਲੈਣ ਵਾਲੇ ਲਾਭਪਾਤਰਾਂ ਨੂੰ ਬਾਕੀ ਦੇ ਹਿੱਸੇਦਾਰਾਂ ਦੀ ਸਹਿਮਤੀ ਲੈਣ ਲਈ ਉਨ੍ਹਾਂ ਨੂੰ ਪੀ.ਏ.ਡੀ.ਬੀਜ ਦਾ ਬੀਕਲਾਸ ਮੈਂਬਰ ਬਨਾਉਣਾ ਜ਼ਰੂਰੀ ਹੁੰਦਾ ਸੀ। ਹੁਣ ਇਹ ਸ਼ਰਤ ਖਤਮ ਕਰ ਦਿੱਤੀ ਗਈ ਹੈ ਅਤੇ ਸਾਂਝੇ ਖਾਤੇ ਵਾਲਾ ਕੋਈ ਵੀ ਲਾਭਪਾਤਰ ਆਪਣੇ ਹਿੱਸੇ ਆਉਂਦੀ ਜ਼ਮੀਨ ਦੀ ਸਕਿਉਰਟੀ ਨਾਲ ਪੀ.ਏ.ਡੀ.ਬੀ. ਤੋਂ ਕਰਜ਼ਾ ਪ੍ਰਾਪਤ ਕਰ ਸਕਦਾ ਹੈ।

6 ਪੀ.ਏ.ਡੀ.ਬੀਜ਼ ਤੋਂ ਕਰਜ਼ਾ ਲੈਣ ਸਮੇਂ ਕੋਈ ਵੀ ਲਾਭਪਾਤਰ ਵੱਧ ਤੋਂ ਵੱਧ 50,000/ ਰੁਪਏ ਦੇ ਹਿੱਸੇ ਖਰੀਦ ਸਕਦਾ ਹੈ। ਪੀ.ਏ.ਡੀ.ਬੀਜ਼ ਦੇ ਬਾਈਲਾਜ਼ ਅਨੁਸਾਰ ਕੋਈ ਵੀ ਲਾਭਪਾਤਰ ਆਪਣੇ ਹਿੱਸਿਆਂ ਦੀ ਰਕਮ ਦਾ 33.33 ਗੁਣਾਂ ਕਰਜ਼ਾ ਲੈ ਸਕਦਾ ਹੈ ਅਤੇ ਇਸ ਤਰ੍ਹਾਂ ਵੱਧ ਤੋਂ ਵੱਧ 16.65 ਲੱਖ ਰੁਪਏ ਤੱਕ ਦਾ ਕਰਜ਼ਾ ਪ੍ਰਾਪਤ ਕਰ ਸਕਦਾ ਸੀ। ਲੇਕਿਨ ਹੁਣ ਪੀ.ਏ.ਡੀ.ਬੀਜ਼ ਦੇ ਬਾਈਲਾਜ਼ ਵਿੱਚ ਇਹ ਸੋਧ ਕਰ ਦਿੱਤੀ ਗਈ ਹੈ ਕਿ ਕਰਜ਼ਦਾਰ 50,000/ ਰੁਪਏ ਦੇ ਹਿੱਸਿਆਂ ਨਾਲ ਨਾਬਾਰਡ ਅਤੇ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਵੱਲੋਂ ਪ੍ਰਵਾਨਤ ਕੀਤੀਆਂ ਸਕੀਮਾਂ ਅਧੀਨ, ਜਿਨਾਂ ਚਾਹੇ ਕਰਜ਼ਾ ਲੈ ਸਕਦਾ ਹੈ।

7 ਹੁਣ ਲਾਭਾਪਾਤਰਾਂ ਦੀ ਬੈਂਕ ਵਿੱਚ ਪਈ ਹਿੱਸਾ ਪੂੰਜੀ ਉਸ ਦੀ ਕਰਜ਼ਾ ਵਾਪਸੀ ਦੀ ਆਖਰੀ ਕਿਸ਼ਤ ਵਿੱਚ ਆਟੋਮੈਟੀਕਲੀ ਅਡਜਸਟ ਕੀਤੀ ਜਾਵੇਗੀ।

8 ਸਮੇਂ ਸਿਰ ਕਰਜ਼ਾ ਮੋੜਨ ਵਾਲੇ ਕਿਸਾਨਾਂ ਨੂੰ ਉਤਸਾਹਿਤ ਕਰਨ ਲਈ ਪੀ.ਏ.ਡੀ.ਬੀਜ਼ ਵਲੋਂ 0.5% ਵਿਆਜ ਵਿੱਚ ਛੋਟ ਦਾ ਵਿਸ਼ੇਸ਼ ਲਾਭ ਦਿੱਤਾ ਜਾਂਦਾ ਹੈ।

9 **ਬੈਂਕ ਵਲੋਂ ਮੋਬਾਇਲ ਐਪ PSCADB ਵੀ ਲਾਂਚ ਕੀਤੀ ਗਈ ਹੈ ਜਿਸ ਰਾਹੀਂ ਰਾਜ ਦੇ ਕਿਸਾਨ ਇਸ ਬੈਂਕ ਵਿੱਚ ਚਲ ਰਹੇ ਆਪਣੇ ਕਰਜਾ ਖਾਤੇ ਅਤੇ ਬੈਂਕ ਦੀਆਂ ਵੱਖ ਵੱਖ ਕਰਜਾ ਸਜੀਮਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ।**

**************************